
ਦੇਹਰਾ
ਵਿਕਾਸ ਸ਼ਰਮਾ ਗੁਰਦਾਸਪੁਰੀ

# ਦੇਹਰਾ

(ਕਾਵਿ ਸੰਗ੍ਰਹਿ)

ਵਿਕਾਸ ਸ਼ਰਮਾ ਗੁਰਦਾਸਪੁਰੀ

**ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ**

# ਦੇਹਰਾ
(ਕਾਵਿ ਸੰਗ੍ਰਹਿ)

© ਵਿਕਾਸ ਸ਼ਰਮਾ ਗੁਰਦਾਸਪੁਰੀ
635-9, ਕਾਦਰੀ ਮੁਹੱਲਾ,
ਹਰਦੋਛੰਨੀ ਰੋਡ, ਗੁਰਦਾਸਪੁਰ।
ਮੋਬਾਈਲ. 94782-03635

ਪਹਿਲੀ ਵਾਰ ਸੰਨ 2011

**ਪ੍ਰਕਾਸ਼ਕ**
ਸ਼ਿੰਗਾਰਾ ਸਿੰਘ 'ਸ਼ਾਤ'
ਨਵੀਨ ਪ੍ਰਕਾਸ਼ਨ
151-ਈਸਟ ਗੋਬਿੰਦ ਨਗਰ,
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
ਮੋਬਾਈਲ 92177-67022

**ਛਾਪਕ**
ਸ਼ਾਂਤ ਪ੍ਰਿੰਟਿੰਗ ਪ੍ਰੈਸ
6-ਜਸਪਾਲ ਨਗਰ, ਨੇੜੇ ਅਲਾਹਬਾਦ ਬੈਂਕ,
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
ਫੋਨ 0183-5067022

ਸਰਵਰਕ ਅਰਵਿੰਦਰ ਕੌਰ

ਮੁੱਲ 80 ਰੁਪਏ

## ਸਮਰਪਣ

ਜ਼ਿੰਦਗੀ ਨਾਲ ਜੁੜੇ ਹਰ ਉਸ ਸ਼ਖ਼ਸ
ਦੇ ਨਾਂ
ਜਿਹਦੀ ਹੋਂਦ ਦੇ ਅਹਿਸਾਸ
ਨੇ
ਮੇਰੀਆਂ ਗ਼ਜ਼ਲਾਂ, ਗੀਤਾਂ
ਤੇ ਨਜ਼ਮਾਂ ਨੂੰ ਜਨਮਿਆ

ਕਵੀ ਵਿਕਾਸ ਸ਼ਰਮਾ ਖੁੱਲ੍ਹੀ ਕਵਿਤਾ, ਗੀਤ ਅਤੇ ਗ਼ਜ਼ਲ ਲਿਖਦਾ ਹੈ। ਪਰ ਉਸਦੀ ਖੁੱਲ੍ਹੀ ਕਵਿਤਾ ਵਿੱਚ ਦਮ ਜ਼ਿਆਦਾ ਹੁੰਦਾ ਹੈ। ਉਹ ਪਿਆਰ ਨੂੰ ਬਹੁਤ ਪਵਿੱਤਰ ਰਿਸ਼ਤਾ ਸਮਝਦਾ ਹੈ ਅਤੇ ਉਸਨੇ ਇਸ ਪਵਿੱਤਰਤਾ ਨੂੰ ਕਾਇਮ ਰੱਖਿਆ ਹੋਇਆ ਹੈ। ਉਸ ਦੀਆਂ ਕਵਿਤਾਵਾਂ ਵਿੱਚ ਵੀ ਸਮੇਂ ਦਾ ਯਥਾਰਥ ਅਤੇ ਪਿਆਰ ਦੀ ਪਵਿੱਤਰਤਾ ਦਾ ਜ਼ਿਕਰ ਆਮ ਆਉਂਦਾ ਹੈ। ਮੰਜ਼ਿਲ ਨੂੰ ਪਾਉਣ ਲਈ ਉਹ ਅਜੇ ਵੀ ਸੰਘਰਸ਼ਸ਼ੀਲ ਹੈ। ਉਸ ਦੀ ਜ਼ਿੰਦਗੀ ਦੇ ਕਈ ਮੋੜ ਹਨ। ਹਰ ਮੋੜ ਤੇ ਉਸ ਵਰਗਾ ਕੋਈ ਭਵਿੱਖ ਲਈ ਰਸਤਾ ਗੁਆਚਿਆ-ਗੁਆਚਿਆ ਰਹਿੰਦਾ ਹੈ। ਉਸ ਗੁਆਚੇ ਦੀ ਭਾਲ ਵਿੱਚ ਉਸਦੀ ਕਵਿਤਾ ਉਸ ਦੇ ਨਾਲ-ਨਾਲ ਤੁਰਦੀ ਹੈ।

ਜ਼ਿੰਦਗੀ 'ਚੋਂ ਖ਼ੁਦ ਨੂੰ ਮਨਫ਼ੀ ਕਰਕੇ ਜੀਣ ਦਾ ਆਦੀ ਜਿਹਾ ਹੋ ਗਿਆ ਹੈ ਅਤੇ ਇਹ ਮਨਫ਼ੀ ਚਿੰਨ੍ਹ ਉਸ ਦੀ ਕਵਿਤਾ ਦੇ ਜਿਸਮ ਦੇ ਸੁੰਦਰ ਅੰਗ ਹੁੰਦੇ ਹਨ। ਉਸ ਦੀ ਪੁਸਤਕ ਦਾ ਨਾਂਅ 'ਦੇਹਰਾ' ਵੀ ਉਸਦੀ ਕਵਿਤਾ ਦਾ ਪਰਾਏਵਾਚੀ ਹੈ। ਇਕ ਐਸਾ ਮਜ਼ਾਰ ਜਿਸ ਉੱਪਰ ਦੀਵਾ ਬਲਦਾ ਹੈ ਆਸਾਂ ਦਾ, ਮੁਰਾਦਾਂ, ਮਨੋਕਾਮਨਾਵਾਂ ਦਾ ਜਿਸ ਵਿੱਚ ਦੇਹਰੇ ਦੇ ਰੂਪ ਵਿੱਚ ਉਸਦੀ ਕਿਸੇ ਆਸ ਦੀ ਟਾਹਣੀ ਨੂੰ ਸੁੰਦਰ ਫੁੱਲ ਪੈ ਜਾਣ।

ਬਲਵਿੰਦਰ ਬਾਲਮ
ਗੁਰਦਾਸਪੁਰ
ਮੋਬਾਈਲ 98156-25409

## ਤਤਕਰਾ

### *ਕਵਿਤਾਵਾਂ*


ਖੁਸ਼ੀ 7
ਪਿੱਪਲ 8
ਸੱਚੇ ਮੋਤੀ 9
ਸਿਤਾਰਿਆਂ ਦੀ ਬਸਤੀ 10
ਬਾਣੀ 12
ਆਤਮਾ ਦੀ ਖ਼ੁਸ਼ਬੋਅ 14
ਪੁੱਤਾਂ ਵਾਂਗ ਧੀਆਂ 15
ਵਪਾਰੀਕਰਣ 17
ਸਾਜ਼ਿਸ਼ 19
ਦੁਖਾਂਤ 21
ਹਸਤਾਖਰ 22
ਅਹਿਸਾਸ 23
ਕਵਿਤਾ 23
ਕਵਿਤਾ 24
ਹਿਰਨ 25
ਖ਼ਾਮੋਸ਼ੀ 26
ਖੇੜਾ 27
ਪ੍ਰਾਣ ਪ੍ਰਤਿਸ਼ਠਾ 28
ਇਕਰਾਰ 29
ਉਜਲਾ (ਅੰਧਕਾਰ) 31
ਅੰਤਰ ਦਵੰਦ 33
ਕਾਵਿਤਾ 35
ਡਰ ਸਹਿਮ 36
ਦੀਵਾ 38
ਦੇਹਰਾ 40
ਭਰੂਣ ਹੱਤਿਆ 41
ਸ਼ਿਵ 42
ਚਿਣਗ 44
ਛੋਟੇ ਬੱਚੇ 45
ਪਿਆਸਾ ਸਮੁੰਦਰ 46
ਤੇਰਾ ਸਾਇਆ 47
*ਗੀਤ* 48
*ਗ਼ਜ਼ਲਾਂ* 78

## ਖ਼ੁਸ਼ੀ

ਖ਼ੁਸ਼ੀ
ਧੁੱਪਖਿੜੀ ਦੇ ਫੁੱਲਾਂ ਵਾਂਗ
ਸੂਰਜ ਦੇ ਉੱਗਣ ਤੋਂ
ਸੂਰਜ ਦੇ ਡੁੱਬਣ ਤੀਕ ਦੀ ਜੂਨ
ਕਿੰਨੀ ਮਾਸੂਮ
ਤੇ ਇਸ ਤੋਂ ਬਾਅਦ–
ਹਨੇਰੀ ਰਾਤ
ਹੁੰਝੂਆਂ ਦੀ ਬਰਸਾਤ,
ਤੇ ... ... ...
ਮੁੱਠੀ ਕੁ ਯਾਦਾਂ ਦੀ ਰਾਖ।

•♣•

## ਪਿੱਪਲ

ਤੇਰੀ ਯਾਦ
ਜਿਵੇਂ
ਕੋਈ ਪਿੱਪਲ ਦਾ ਬੂਟਾ
ਫੁੱਟ ਪੈਂਦਾ ਜ਼ਖ਼ਮਾਂ ਦੀਆਂ ਤਰੇੜਾਂ 'ਚੋਂ
ਹੰਝੂਆਂ ਦੀ ਬਰਸਾਤ ਤੋਂ ਬਾਅਦ
ਕਈ ਵਾਰ ਮੈਂ
ਇਸ ਨੂੰ ਛਾਂਗਿਆ
ਇਰਾਦਿਆਂ ਦੀ ਦਰਾਤੀ ਨਾਲ
ਦਿਲ ਦੀਆਂ ਦੀਵਾਰਾਂ ਤੋਂ
ਫੁੱਟ ਪੈਂਦਾ ਫਿਰ ਨਿਰਲੱਜਾ
ਹੰਝੂਆਂ ਦੀ ਬਰਸਾਤ ਤੋਂ ਬਾਅਦ
ਸੁਣਿਆ
ਇਸ ਦੀਆਂ
ਜੜ੍ਹਾਂ
ਬਹੁਤ ਗਹਿਰਾਈਆਂ ਹੁੰਦੀਆਂ
ਤੇ ਲੱਗਦਾ
ਇਹ ਉੱਗਦਾ ਰਹੇਗਾ,
ਮੇਰੇ ਅੰਗ-ਅੰਗ 'ਚੋਂ
ਉਦੋਂ ਤੱਕ
ਜਦੋਂ ਤੱਕ
ਢਹਿ ਨਹੀਂ ਜਾਂਦਾ
ਮੇਰੇ ਜਿਸਮ ਦਾ ਢਾਂਚਾ
ਮੌਤ ਦੀ ਹਨੇਰੀ ਨਾਲ।

## ਸੁੱਚੇ ਮੋਤੀ

ਮੇਰੇ ਨੈਣ
ਜਿਵੇਂ ਖਾਰੇ ਪਾਣੀ ਦਾ ਸਰਵਰ
ਤੇ ਤੇਰਾ ਚਿਹਰਾ
ਇਸ ਵਿਚ ਖਿੜਿਆ
ਬ੍ਰਹਮ-ਕੰਵਲ
ਜਦੋਂ ਕੋਈ ਉਦਾਸੀ
ਤਨਹਾਈਆਂ ਦੇ ਤਪਦੇ ਮਾਰੂਥਲਾਂ ਨੂੰ ਪਾਰ ਕਰ
ਥੱਕੀ ਹਾਰੀ ਤੇ ਪਿਆਸੀ
ਮੇਰੇ ਨੈਣਾਂ ਦੇ ਸਰਵਰ 'ਤੇ ਆਂਦੀ ਹੈ
ਸਾਂਤ ਖਾਰੇ ਪਾਣੀ ਦੇ ਦਰਪਣ ਨੂੰ
ਆਪਣੀਆਂ ਖ਼ੁਸ਼ਕ ਬੁੱਲੀਆਂ ਦੀ
ਛੂਹਣ ਪਾਂਦੀ ਹੈ
ਤੇ ਫਿਰ
ਉਸ ਸ਼ਾਂਤ ਖਾਰੇ ਪਾਣੀ ਨੂੰ
ਲਹਿਰ ਦਰ ਲਹਿਰ
ਤੇਰੇ ਚਿਹਰੇ ਦੇ ਬ੍ਰਹਮ-ਕੰਵਲ ਨੂੰ
ਗਲਵੱਕੜੀ ਪਾਂਦੀ ਹੈ
ਤੇ ਤੇਰਾ ਚਿਹਰਾ
ਕਤਰਾ-ਕਤਰਾ ਪਿਘਲ ਕੇ
ਨੈਣਾਂ ਦੇ ਸਰਵਰ ਦੀਆਂ ਨੀਝਾਂ 'ਤੇ ਆਉਂਦਾ
ਨੀਝਾਂ ਤੋਂ ਛਲਕ ਜਾਂਦਾ
ਤੇ ਪਲ ਕੁ
ਸੁੱਚੇ ਮੋਤੀਆਂ ਦੀ,
ਇਕ ਜੂਨ ਹੰਢਾਉਂਦਾ।

•♣•

## ਸਿਤਾਰਿਆਂ ਦੀ ਬਸਤੀ

ਸਿਤਾਰਿਆਂ ਦੀ ਬਸਤੀ
ਵੱਸਦੀ ਹੈ ਜੋ
ਰੌਸ਼ਨੀ ਦੇ ਗਰਭ ਦੇ
ਹਨੇਰੇ ਘੁੱਪ 'ਚ
ਵੇਖ ਨਹੀਂ ਸਕਦਾ ਇਸਨੂੰ
ਹਰ ਕੋਈ
ਭੋਗਦਾ ਹੈ ਇਸ ਦੀ ਜੂਨ
ਕੋਈ ਸਨਿਆਸੀ
ਜਾਂ
ਕੋਈ ਆਸ਼ਕ
ਕੀਤਾ ਹੋਵੇ ਜਿਸ ਨੇ ਮਹਿਸੂਸ
ਖ਼ਾਬਾਂ ਦਾ ਖ਼ੋਰਾ
ਕੱਟਿਆ ਹੋਵੇ ਜਿਸ ਨੇ
ਆਪਣੇ ਹੀ ਦਿਲ ਨੂੰ ਤਿਆਗ ਦੀ ਆਰੀ ਦੇ ਨਾਲ
ਭੋਰਾ-ਭੋਰਾ
ਰਮਾਈ ਹੋਵੇ ਜਿਸ ਨੇ ਭਸਮ
ਪਿੰਡੇ 'ਤੇ ਸੱਚ ਦੀ
ਹੋਵੇ ਜਿਸਦੇ ਮਨ ਦੀ ਤੜਪ 'ਚ ਸ਼ਿੱਦਤ
ਆਪਣੇ ਰੱਬ ਦੀ
ਮੁਹੱਬਤ ਦੀ ਧੂਣੀ 'ਚ ਰੱਖੀ ਹੋਵੇ
ਉਮਰ ਦੀ ਪਾਥੀ,
ਆ ਜਿਸਦੇ ਬੂਹੇ ਬੈਠਣ
ਦੁੱਖ ਦੁਨੀਆਂ ਦੇ ਰਾਤ-ਬ-ਰਾਤੀਂ

ਜਿਸ ਦੇ ਬੁੱਲ੍ਹ ਛੂਹ ਕੇ ਹਾਸਾ
ਹੋਵੇ ਮੋਇਆ
ਰਹਿੰਦਾ ਹੋਵੇ ਜੋ ਆਪਣੀਆਂ ਸੋਚਾਂ ਵਿਚ
ਖੋਇਆ-ਖੋਇਆ,
ਉਸ ਦੀ ਅੱਖੀਆਂ ਦੇ ਖੱਗੇ 'ਚੋਂ,
ਚੋਵੇ ਚਾਦਨੀ
ਬਣ ਕੇ ਪਾਰਾ
ਤੇ ਅਗਿਆਨੀ ਲੋਕ ਸਮਝਦੇ ਨੇ
ਉਸ ਰੌਸ਼ਨੀ ਨੂੰ
ਹੰਝੂ ਖਾਰਾ
ਹੁੰਦਾ ਅਸਲ ਵਿਚ ਉਹ ਕਤਰਾ
ਉਸੇ ਹੀ ਬਸਤੀ ਦਾ ਸਿਤਾਰਾ
ਭੋਗ ਨਹੀਂ ਸਕਦਾ
ਕੋਈ ਜਿਸ ਦੀ ਜੂਨ
ਬਿਨ ਤੱਪ ਕੀਤੇ

•♣•

## ਬਾਣੀ

ਦਰਖਤਾਂ ਦੇ ਝੁਰਮਟ ਨੂੰ ਛੋਂਹਦਾ
ਮਸਤ ਹਵਾ ਦਾ ਰੁਮਕਾ
ਸਰਸਰਾ ਉੱਠੇ ਪੱਤਿਆਂ ਦੇ ਹੋਠਾਂ 'ਤੇ
ਖਿੜ-ਖਿੜ ਪੈਂਦੇ ਰਾਗ
ਫ਼ਿਜ਼ਾ 'ਚ ਗੂੰਜਦੀ ਹਵਾ ਦੀ ਰਵਾਨੀ
ਸ਼ਾਇਦ ਇਹੋ ਹੈ,
ਕੁਦਰਤ ਦੀ ਬਾਣੀ।

ਨਗੀੜਿਆਂ ਦੀ ਤਾਲ ਜਿਹੇ
ਗੜ-ਗੜ ਕਰਦੇ ਬੱਦਲ
ਤਾਨਪੁਰੇ ਦੀ ਤੇਨ ਜਿਹੀ
ਲਿਸ਼ਕਦੀ ਬਦਲੀ
ਛਣ-ਛਣ ਕਰਦੀ ਕਣੀਆਂ ਦੀ ਲੈਅ
ਕੂਲੇ ਹਾਸਿਆਂ ਜਿਹਾ ਛਣਕਦਾ
ਝਰਨਿਆਂ ਦਾ ਪਾਣੀ
ਸ਼ਾਇਦ ਇਹੋ ਹੈ
ਕੁਦਰਤ ਦੀ ਰਾਣੀ।

ਇੰਦਰ-ਧੁਨਸ਼ੀ ਰੰਗਾਂ ਦੀ ਮਦਹੋਸ਼ੀ
ਸੂਹੇ ਫੁੱਲਾਂ ਦੀ ਖ਼ਾਮੋਸ਼ੀ
ਭੌਰਿਆਂ ਦਾ ਆਵਾਰਾਪਨ
ਫੱਗਣ ਦੀ ਕੋਸੀ ਧੁੱਪ
ਕਿਸੇ ਅੱਲ੍ਹੜ ਦੇ ਨੈਣਾਂ 'ਚੋਂ
ਰਿਸਦੀ ਚੁੱਪ
ਪਿਆਰ ਦੀ ਕਹਾਣੀ
ਸ਼ਾਇਰ ਇਹੋ ਹੈ
ਕੁਦਰਤ ਦੀ ਬਾਣੀ।

ਨਿਰਾਸ਼ ਮਨ ਦੇ ਹਨੇਰੇ 'ਚ
ਟਿਮਟਿਮਾਉਂਦੀ ਆਸ
ਜ਼ਿੰਦਗੀ ਦੇ ਭੰਵਰ 'ਚ ਡੁੱਬਦੇ ਨੂੰ
ਕਿਸੇ ਨਿਰੋਲ ਰਿਸ਼ਤੇ ਦਾ ਧਰਵਾਸ
ਚੰਨ ਦੀ ਤ੍ਰਿਸ਼ਨਾ 'ਚ ਭਟਕਦੇ
ਚਕੋਰ ਦੀ ਪਿਆਸ
ਹੜ੍ਹੇ ਦਰਿਆ ਤਰਦਾ ਕੱਚਾ ਘੜਾ
ਪਾਕ-ਪਵਿੱਤਰ ਰਿਸ਼ਤੇ ਦੀ ਕੁਰਬਾਨੀ
ਸ਼ਾਇਦ ਇਹੋ ਹੈ
ਕੁਦਰਤ ਦੀ ਰਾਣੀ।

•♣•

## ਆਤਮਾ ਦੀ .ਖ਼ੁਸ਼ਬੋਅ

ਛੋਹੀਆਂ ਨਹੀਂ ਪਰਦੂਸ਼ਤ ਹਵਾਵਾਂ
ਦੂਰ ਪਹਾੜੀਂ ਖਿੜੀ
'ਹਿਮ ਚੰਪਾ' ਦੇ ਫੁੱਲ ਵਾਂਗ
ਅਜੇ ਤੁਸੀਂ
ਖ਼ੁਸ਼ਬੂਆਂ 'ਚ ਸਰਾਬੋਰ ਹੋ
ਤਬਦੀਲ ਨਹੀਂ ਹੋਏ ਅਜੇ
ਮਲੀਨਤਾ ਦੇ ਅੰਧਕਾਰ 'ਚ।
ਨਿਖਰੇ-ਨਿਖਰੇ ਨੇ
ਜਜ਼ਬਾਤ ਦੀ ਕਹਿਕਸ਼ਾਵਾਂ ਦੇ ਰੰਗ।
ਲਿਪਟੇ ਹੋਏ ਨੇ ਬੰਧਨ-ਮੁਕਤ
ਦੁਆਵਾਂ ਦੇ ਸਾਏ
ਹੱਥਾਂ ਦੀ ਸ਼ਫ਼ਾ 'ਚ।
ਮੋਢੇ ਤੇ ਸ਼ੁਭ ਇਛਾਵਾਂ ਦਾ ਝੋਲਾ ਟੰਗੀ
ਜ਼ਖ਼ਮਾਂ ਦੀ ਬਸਤੀ 'ਚ
ਵੰਡਦੇ ਫਿਰਦੇ ਹੋ ਮੁਸਕਰਾਹਟਾਂ
ਸ਼ਾਤਾਕਲੋਜ ਦੀ ਤਰ੍ਹਾਂ।
ਨਿਰਦੋਸ਼ ਆਤਮਾ ਦੇ ਵਲਵਲਿਆਂ 'ਚ
ਮਚਲ-ਮਚਲ ਪੈਂਦੇ ਨੇ
ਪਰ-ਪੀੜਾਂ ਦੇ ਅਹਿਸਾਸ
ਦੇਖ ਰਿਹਾ ਹੈ
ਘਾਤ ਲਾਈ ਬੈਠਾ
ਨਿਗਲ ਜਾਣ ਨੂੰ
ਪਰਛਾਈਆਂ ਸਣੇ ਸਾਲਮ ਦੀ ਸਾਲਮ।
ਬੇਖ਼ਬਰ! ਖ਼ਬਰ ਹੈ ਤੇ ਸੰਭਲ ਜਾ!
ਬਚਾ ਕੇ ਰੱਖੀਂ
ਆਪਣੀ ਖ਼ੁਸ਼ਬੋਅ, ਮਾਸੂਮੀਅਤ ਦਾ ਰੰਗ,
'ਤੇ ਸ਼ੁਭ ਇਛਾਵਾਂ ਦੀ ਲੋਅ।
ਕੰਡਲੀ ਮਾਰ ਬੈਠਾ
ਮਨ ਦੇ ਕਿਸੇ ਕੋਨੇ 'ਚ
ਵਹਿਸ਼ਤ ਦਾ ਅਜਗਰ
ਚੇਤਨ ਰਹੀਂ!
ਮੁਸ਼ਕਿਲ ਤੇ ਹੈ ਇਹਨਾਂ ਤੋਂ ਬਚਣਾ,
ਪਰ... ... ...
ਨਾ-ਮੁਮਕਿਨ ਨਹੀਂ।

## ਪੁੱਤਾਂ ਵਾਂਗ ਧੀਆਂ

ਬੂੰਦ ਤੋਂ ਆਕਾਰ ਹੁੰਦਿਆਂ ਹੁੰਦਿਆਂ
ਮਹਿਸੂਸ ਕਰ ਰਹੀ ਹਾਂ
ਤੇਰੇ ਸਾਹਾਂ ਦੀ ਤਪਨ 'ਚ
ਉਦਾਸੀਆਂ ਦੀ ਕਹਾਣੀ।
ਕਈ ਵਾਰ ਛਲਕਦੀ
ਮਹਿਸੂਸ ਕੀਤੀ ਹੈ
ਤੇਰੀਆਂ ਅੱਖੀਆਂ 'ਚੋਂ
ਆਪਣਾ ਖ਼ਿਆਲਾਂ ਦੀ ਤਸਵੀਰ।
ਤੇ ... ... ...
ਕਈ ਵਾਰ ਉਲਟਾ ਪੁਲਟਾ ਹੋਇਆ
ਤੇਰੇ ਮਨ ਦੇ ਅੰਤਰ-ਦਵੰਦ 'ਚ ਮੇਰਾ ਅਕਸ।
ਹਾਂ, ਮੇਰੇ ਲਹੂ ਦੀ ਰਿਦਮ 'ਚੋਂ
ਸੁਣੇ ਨੇ ਮੈਂ
ਤੇਰੇ ਹੋਠਾਂ 'ਤੇ ਸੁਲਘਦੇ
ਲੋਰੀਆਂ ਦੇ ਬੋਲ
ਜੋ ਰੱਖਦੀ ਏਂ ਤੂੰ ਸਾਂਭ-ਸਾਂਭ।
ਪਰ ਤੇਰੇ ਮਨ ਦੀ ਘਬਰਾਹਟ
ਮੈਨੂੰ ਫ਼ਿਕਰਾਂ 'ਚ ਪਾ ਦੇਂਦੀ ਹੈ।
ਇੱਕ ਪ੍ਰਸ਼ਨ-ਚਿੰਨ੍ਹ ਖੜਾ ਹੋ ਜਾਂਦਾ
ਮੇਰੇ ਆਕਾਰ ਹੋਣ 'ਤੇ।
ਕਿਉਂ ਕੰਬ-ਕੰਬ ਜਾਂਨੀ ਏਂ
ਮੇਰੇ ਅੰਸ਼ ਦੀ ਹਕੀਕਤ ਤੋਂ ?
ਕਿਉਂ ਪਿਘਲਾ ਦੇਣਾ ਚਾਹੁੰਨੀ ਏਂ,
ਮੇਰੀ ਮੋਮ ਜਿਹੀ ਹੋਂਦ ?
ਅੰਨ੍ਹੀ ਪਰੰਪਰਾ ਦੇ ਪੋਸ਼ਣ ਖ਼ਾਤਿਰ
ਕਿਉਂ ਮੈਨੂੰ ਅਧਿਕਾਰ ਨਹੀਂ
ਬੀਜ ਤੋਂ ਆਕਾਰ ਹੋਣ ਦਾ ?
ਕਦ ਤੱਕ ਭਰਦੇ ਰਹਿਣਗੇ
ਨਰਸਿੰਗ-ਹੋਮਾਂ ਦੇ ਪਿਛਵਾੜੇ
ਪੁੱਟੇ ਹੋਏ ਟੋਏ।

ਸਾਡੇ ਨਰੇਏ ਅੰਗਾਂ ਨਾਲ ?
ਜੁੱਗਾਂ ਜੁੱਗਾਂ ਤੋਂ ਇਹ ਤਸੀਹਾ ਉੱਕਰਿਆ ਗਿਆ ਹੈ
ਸਾਡੇ ਲੇਖਾਂ 'ਤੇ
ਉਸ ਦੇਸ਼ ਦੇ ਪੈਰੋਕਾਰਾਂ ਹੱਥੋਂ
ਜਿਹੜੇ ਆਦਿ-ਕਾਲ ਤੋਂ ਪੂਜਦੇ ਆ ਰਹੇ ਨੇ
ਸੀਤਾ, ਦੁਰਗਾ, ਲਛਮੀ, ਸਰਸਵਤੀ।
ਦਿੱਤੀ ਹੈ ਜਿਨ੍ਹਾਂ ਉਪਾਧੀ
ਧਰਤੀ, ਨਦੀਆਂ, ਗਾਂ ਨੂੰ ਮਾਂ ਦੀ।
ਪਰ ਕਿਸੇ ਮਹਿਸੂਸ ਕੀਤੇ ਨੇ
ਤੇਰੇ ਮਨ ਦੇ ਭੈਅ ਵਿੱਚ
ਤੇਰੇ ਫਿਕਰ ਦੇ ਜਾਇਜ਼ ਹਨੇਰੇ
ਦਹੇਜ ਦੀ ਬਲੀ ਚੜ੍ਹਦੀਆਂ ਧੀਆਂ ਦੇ
ਉੱਬਲਦੇ ਜਿਸਮ
ਨਿਠਾਰੀ ਕਾਂਡ ਵਰਗੇ ਅਪਰਾਧਾਂ ਦੀ
ਫ਼ਰਿਸ਼ਤ 'ਚ
ਉਲਝੀ, ਪੋਟੇ ਗਿਣਦੀ
ਮਹਿਸੂਸਿਆ ਹੈ ਤੈਨੂੰ
ਪਰੰਤੂ ਕਦ ਤੱਕ ਹੰਢਾਂਦੀ ਰਹੇਂਗੀ
ਪੱਥਰ-ਸ਼ਿਲਾ ਦੀ ਜੂਨ ਰਾਮ ਨੂੰ ਉਡੀਕਦੀ ਅਹਿਲਿਆ!
ਤੇ ਕਦ ਤੱਕ ਦੇਂਦੀਆਂ ਰਹਿਣਗੀਆਂ
ਸੁਹਾਗਣਾਂ ਚੰਦਰਮਾ ਨੂੰ ਅਰਘ
ਅਪਰਾਧੀ ਹੋਣ ਦੇ ਬਾਵਜੂਦ!
ਮਾਂ!
ਉੱਠ ਪੂੰਝ ਦੇ ਇਰਾਦਿਆਂ ਦੇ ਚਾਨਣ ਨਾਲ
ਸਾਡੇ ਲੇਖਾਂ ਦੀ ਲਿਖੀ ਜ਼ੁਲਮਾਂ ਦੀ ਇਬਾਰਤ
ਬਣ ਜਾ, ਇੱਕ ਨਵੇਂ ਸਮਾਜ ਦੀ ਸਿਰਜਣਹਾਰ
ਕਰ ਦੇ ਬੁਲੰਦ ਇਹ ਨਾਅਰਾ
ਪੁੱਤਾਂ ਵਾਂਗ ਧੀ ਨੂੰ ਵੀ ਹੈ
ਜਨਮ ਲੈਣ ਦਾ ਬਰਾਬਰ ਅਧਿਕਾਰ।

•♣•

## ਵਪਾਰੀਕਰਨ

ਕਿੰਨੇ ਸੂਝਵਾਨ ਸਨ
ਉਹ ਲੋਕ
ਕਿੰਨੇ ਕਰਤਵਨਿਸ਼ਠ, ਬਲੀਦਾਨੀ
ਬੀਜਿਆ ਸੀ ਜਿੰਨ੍ਹਾਂ
ਸੁਰਖ਼ ਵਿਚਾਰਾਂ ਦੀ ਜ਼ਮੀਨ 'ਤੇ
ਇਲਹਾਮ ਦਾ ਬੀਜ
ਜਜ਼ਬਾਤ ਦੇ ਗੰਗਾ ਜਲ ਨਾਲ
ਸਿੰਜਿਆ ਇਸ ਨੂੰ ਕਿ ਸ਼ਾਇਦ
ਇਸ ਦੀਆਂ ਡਾਲੀਆਂ 'ਤੇ
ਖਿੜਨ
ਭਵਿੱਖ ਦੇ ਸੁਨਹਿਰੀ ਸੂਰਜ
ਇਹ ਸੋਚ ਕੇ ਕੀਤਾ ਸੀ
ਜਨ ਜਨ ਵਿੱਚ ਇਸ ਦਾ ਅਹਿਵਾਨ
ਹਾਂ
ਸੂਰਜ ਖਿੜੇ
ਮਗਰ
ਵਕਤ ਦੇ ਬਦਲਾ ਨੇ
ਸਿਖਾ ਦਿੱਤਾ ਉਨ੍ਹਾਂ ਨੂੰ
ਰੌਸ਼ਨੀ ਨਿਗਲਣਾ
ਤੇ ਹਨੇਰੇ ਫੈਲਾਉਣਾ

ਅੱਜ! ਇਹ ਰਹਿ ਗਈ ਹੈ
ਸਿਰਫ
ਮਜ਼ਬੀ ਠੇਕੇਦਾਰਾਂ, ਭਰਿਸ਼ਟ ਹਾਕਮਾਂ
ਦੀ ਗੁਲਾਮ ਬਣ
ਅੱਜ! ਇਹ ਚੁੱਪ ਹੈ
ਬੇਰੁਜ਼ਗਾਰੀ, ਰਿਸ਼ਵਤਖੋਰੀ
ਅਤੇ ਅਪਰਾਧਾਂ ਦੇ ਪ੍ਰਤੀ
ਹੁਣ ਸਿਰਫ ਇਹ ਜਾਣਦੀ ਹੈ
ਬਸਤੀਆਂ, ਰਾਸ਼ਟਰ ਸੰਪਤੀਆਂ
ਜਲਾਉਣਾ
ਬਦਲ ਚੁੱਕੇ ਨੇ
ਇਸਦੇ ਅਰਥ
ਹੜਤਾਲ
ਹੋ ਚੁੱਕਿਐ ਜਿਸਦਾ
ਵਪਾਰੀਕਰਨ।

•♣•

## ਸਾਜ਼ਿਸ਼

ਸੂਰਜ ਨਹੀਂ ਚਾਹੁੰਦੇ
ਕਿ
ਛੋਟੀਆਂ-ਛੋਟੀਆਂ ਜੋਤਾਂ
ਏਕਾਕਰ ਹੋਣ
ਤੇ ਉਨ੍ਹਾਂ ਦੀ ਧੁੱਪ 'ਚ
ਪਤਝੜ ਦੇ ਠਾਰੇ ਨਾਲ
ਨਿਪੱਤਰੇ ਹੋਏ ਰੁੱਖਾਂ 'ਤੇ
ਮੁੜ ਪੈਣ ਫੁਟਾਲੇ
ਜੀਵਨ ਦੀ ਸੰਭਾਵਨਾ ਦੇ
ਗੰਦੀ ਬਸਤੀ 'ਚੋਂ ਨਿਕਲੀ
ਨੰਗੇ ਪੈਰਾਂ ਦੀ ਪੈੜ ਵੀ
ਤਲਾਸ਼ ਸਕੇ
ਤਾਰਾ ਮੰਡਲ ਦੀ ਰਾਹ
'ਤੇ ਰਿਜ਼ਰ ਦੀ ਤਲਾਸ਼ 'ਚ ਭਟਕਦੀਆਂ
ਡਿਗਰੀਆਂ ਨੂੰ ਮਿਲੇ
ਲਾਠੀਚਾਰਜਾਂ ਤੋਂ ਮੁਕਤੀ
ਫ਼ਾਕੇ ਕੱਟਦੀਆਂ ਹਡੀਆਂ ਦੀਆਂ ਮੁੱਠਾਂ
ਜ਼ਰਦ ਜਵਾਨੀਆਂ
ਤੇ ਗੰਦਗੀ ਦੇ ਢੇਰ 'ਚੋਂ
ਰੋਟੀ ਭਾਲਦੇ ਬਚਪਨ
ਸਭਨਾਂ ਦੇ ਅੰਦਰ
ਜਗ ਨਾ ਪਵੇ ਚੇਤਨਾ

ਤੇ ਉਹ ਹਵਾਵਾਂ ਦੇ ਸੀਨੇ 'ਤੇ ਬਾਲਕੇ
ਹਰਫ਼ਾਂ ਦੇ ਦੀਵੇ
ਕਰ ਨਾ ਦੇਣ ਬੁਲੰਦ
ਤਰੱਕੀ, ਖ਼ੁਸ਼ਹਾਲੀ, ਇੰਨਕਲਾਬ ਦਾ ਨਾਰ੍ਹਾ
ਏਸੇ ਲਈ ਬੀਜ ਦਿੱਤਾ ਹੈ
ਉਨ੍ਹਾਂ
ਛੋਟੀਆਂ-ਛੋਟੀਆਂ ਜੋਤਾਂ ਦੇ ਸੀਨੇ ਵਿੱਚ
ਅੰਧਕਾਰ ਦਾ ਬੀਜ
ਹੁਣ ਉਹ
ਰੌਸ਼ਨੀ ਨਹੀਂ ਫੈਲਾ ਸਕਦੀਆਂ
ਸਿਰਫ
ਅੱਗਾਂ ਲਾ ਸਕਦੀਆਂ ਨੇ
ਕਿਉਂਕਿ
ਸੂਰਜ ਨਹੀਂ ਚਾਹੁੰਦੇ।

•♣•

## ਦੁਖਾਂਤ

ਪਿੱਠ ’ਤੇ ਲੱਦ ਕੇ ਤਪਦਾ ਸੂਰਜ
ਕਮਰ ਝੁਕਾ ਕੇ
ਜ਼ਖ਼ਮੀ ਹੱਥ
ਉਖਾੜ ਰਹੇ ਨੇ
ਜ਼ਿੰਦਗੀ ਦੇ ਨਵਅੰਕੁਰਾਂ ’ਚੋਂ
ਖਰਪਤਵਾਰ!

ਗਿੱਟਿਆਂ ਤੀਕ
ਦਲਦਲੀ ਜ਼ਮੀਨ ’ਚ
ਗਲੇ ਹੋਏ ਪੈਰ
ਵਧਦੇ ਜਾ ਰਹੇ ਨੇ
ਅੱਗੇ,
ਬੇਪਰਵਾਹ,
ਸੱਪਾਂ ਦੀਆਂ ਸਿਰੀਆਂ ਤੋਂ।

ਜ਼ਿੰਦਗੀ ਦੀ ਰੱਖਿਆ ਲਈ
ਕੀਟਨਾਸ਼ਕਾਂ ਦੀ ਜ਼ਹਿਰੀਲੀ ਹਵਾੜ ’ਚ
ਘੁੱਟਦੇ ਸਾਹਾਂ ’ਚ ਵੀ
ਟੁੱਟਣ ਨਹੀਂ ਦਿੰਦੇ ਹੌਸਲਾ

ਸਾਰੀ ਦੁਨੀਆਂ ਦੀ
ਭੁੱਖ ਮਿਟਾਉਣ ਲਈ
ਭੁੱਖ ਨਾਲ ਲੜਦੇ ਨੇ
ਤਾਲ ਕੱਢਦੇ ਮਜ਼ਦੂਰ।

## ਹਸਤਾਖ਼ਰ

ਨਿਕਲੀ ਤਾਂ ਸੀ
ਬੁਝਿਆਂ ਦੀਵਿਆਂ ਲਈ
ਚਿਣਗ ਦਾ ਉਪਹਾਰ ਬਣ
ਉਦਾਸ ਨਿਪੱਤਰੇ ਰੁੱਖਾਂ ਲਈ
ਨਵੀਂ ਪੁੰਗਰ ਸ਼ਿੰਗਾਰ ਬਣ
ਰੋਟੀ, ਤਰੱਕੀ, ਖ਼ੁਸ਼ਹਾਲੀ
ਕਿੰਨਾਂ ਕੁਝ ਸਮੇਟ ਆਪਣੇ ਦਾਮਨ ਵਿੱਚ

ਨਿਕਲੀ ਤਾਂ ਸੀ
ਹਰਿਆਲੀ ਦੇ ਸੁਨੇਹੇ ਲੈ
ਪਰ ਸਫ਼ਰ … … …
ਸਫ਼ਰ ਬਹੁਤ ਟੇਢਾ ਸੀ
ਹਰ ਮੋੜ 'ਤੇ ਅੱਡਾ ਲਾਈ ਬੈਠੇ
ਪੀ ਜਾਣ ਲਈ ਸਭ ਸੁਗੰਧੀਆਂ
ਤੇ ਨੋਚ ਨੋਚ ਕੇ ਖਾਣ ਲਈ ਬੋਟੀ
ਆਪਣੇ-ਆਪਣੇ ਹਿੱਸੇ ਦੀ

ਨਿਕਲੀ ਤਾਂ ਸੀ
ਵਰ੍ਹਿਆਂ ਦੇ ਸਿਦਕ ਤੋਂ ਬਾਅਦ
ਪਰ-
ਪਹੁੰਚੀ ਨਹੀਂ
ਰੋਟੀ, ਤਰੱਕੀ, ਖ਼ੁਸ਼ਹਾਲੀ ਸਮੇਟ
ਆਪਣੇ ਦਾਮਨ ਵਿੱਚ
ਰਾਜ ਭਵਨ ਤੋਂ ਪਿੰਡ ਦੀਆਂ ਗਲੀਆਂ ਤੱਕ
ਕਾਗਜ਼ਾਂ ਵਿੱਚ ਹੀ
ਲਹੂ-ਲੁਹਾਣ ਕਰ ਦਿੱਤੀ
ਹਸਤਾਖ਼ਰਾਂ ਦੀਆਂ ਗਿਰਝਾਂ ਨੇ
ਗ੍ਰਾਂਟ … … …

## ਅਹਿਸਾਸ

ਕੁਦਰਤਨ!
ਜ਼ਿੰਦਗੀ ਦੀਆਂ ਰਾਹਾਂ 'ਤੇ
ਹੋ ਜਾਂਦੇ ਹਾਂ ਅਸੀਂ
ਇੱਕ ਰਾਹ
ਕੁਝ ਕਦਮ ਤੁਰਨਾ ਈ
ਲੱਗਦਾ ਕੋਹਾਂ ਤੋਂ ਭਾਰਾ
ਚਾਹੇ-ਅਣਚਾਹੇ
ਮੁੜ ਜਾਂਦੇ ਹਾਂ ਅਸੀਂ
ਛੇਤੀ ਨਾਲ
ਆਉਣ ਵਾਲਾ ਅਗਲਾ ਮੋੜ
ਬਾਲ ਕੇ ਇੱਕ-ਦੂਜੇ ਦੀ
ਪਿੱਠ ਪਿੱਛੇ-
ਅਹਿਸਾਸ ਦੇ ਤਲਿਸਮੀ
ਚਿਹਾਗ਼।

•♣•

## ਕਵਿਤਾ

ਕਾਗਜ਼ ਦੇ ਚੰਦ
ਟੁਕੜਿਆਂ 'ਚ
ਸਿਮਟ ਕੇ ਰਹਿ ਗਏ
ਮੇਰੀ-ਟੀਸ, ਤੇਰਾ ਪਿਆਰ,
ਚੰਦ ਅਸ਼ਿਆਰ।

•♣•

**ਕਵਿਤਾ**

ਮਹਿਸੂਸਦਾ ਹਾਂ
ਅਕਸਰ
ਹੱਸਦਿਆਂ-ਹੱਸਦਿਆਂ
ਆਪਣੇ ਹਾਸੇ 'ਚ ਜਦ
ਉਹਦੇ ਅਲ੍ਹੜ ਹਾਸੇ ਦਾ ਛਣਕਾਟਾ
ਪਲ ਵਿਚ ਬਣ ਜਾਂਦੀਆਂ ਨੇ
ਖ਼ੁਸ਼ਬੋਆਂ ਸ਼ਬਨਮ
ਤੇ
ਛਲਕ ਜਾਵੇ
ਪਲਕਾਂ ਤੋਂ 'ਵਿਕਾਸ'
ਅਹਿਸਾਸ ਦੀ ਵਲਗਣ।

•♣•

**ਕਵਿਤਾ**

ਲਿਪਟ ਜਾਏ
ਕੋਈ ਵੇਲ,
ਹਾਰ-ਸ਼ਿਗਾਰ ਦੇ ਫੁੱਲਾਂ ਦੀ
ਤਾਂ ਸੰਭਵ ਹੈ
ਮਹਿਕ ਜਾਣ
ਉਦਾਸ ਰਾਤਾਂ 'ਵਿਕਾਸ'
ਕਿਸੇ ਸੁੱਕੇ ਰੁੱਖ ਦੀਆਂ।

•♣•

## ਹਿਰਨ

ਭਟਕ ਰਿਹੈ
ਕਸਤੂਰੀ ਦੀ ਭਾਲ 'ਚ
ਬਿੰਬਾਂ, ਪ੍ਰਤੀਕਾਂ, ਉਪਮਾਵਾਂ
ਦੇ ਜੰਗਲ ਗਾਂਹਦਾ
ਫੁੱਲਾਂ ਦੀ ਮਹਿਕ ਫਰੋਲਦਾ
ਪਰਿੰਦਿਆਂ ਦੇ ਹਾਸੇ ਟਟੋਲਦਾ
ਤਿਤਲੀਆਂ ਦੀ ਚੰਚਲਤਾ
ਮਹਿਸੂਸਦਾ
ਜੁਗਨੂੰਆਂ ਦੀ ਲੋਅ ਨਾਲ
ਮਿਸਾਲਾਂ ਜਲਾਉਂਦਾ,
ਪਿੱਛੇ ਛੱਡ ਪੈੜਾਂ ਦੇ ਨਿਸ਼ਾਨਾਂ 'ਚ
ਉੱਘਰ ਆਈਆਂ
ਲੱਖਾਂ ਕਸਤੂਰੀਆਂ
ਬੇਖ਼ਬਰ
ਤਲਾਸ਼ ਰਿਹੈ
ਆਪਣੇ ਆਪ 'ਚ ਗੁਆਚਾ
ਆਪਣਾ ਆਪਾ,
'ਵਿਕਾਸ' ਮਨ ਦਾ ਹਿਰਨ।

## ਖ਼ਾਮੋਸ਼ੀ

ਇਸ ਤਰ੍ਹਾਂ
ਦਿਲ ਦੇ ਸ਼ੀਸ਼ੇ 'ਚ ਤੇਰੀ ਸੂਰਤ
ਅਕਸ ਆਪਣੇ ਬਣਾਉਂਦੀ ਰਹਿੰਦੀ ਹੈ
ਬਹਾਰ ਗੁਲਸ਼ਨ ਨੂੰ
ਜਿਵੇਂ ਫੁੱਲਾਂ ਨਾਲ
ਸੱਜ ਵਿਆਹੀ ਦੀ ਤਰ੍ਹਾਂ ਸਜਾਉਂਦੀ ਰਹਿੰਦੀ ਹੈ
ਦਿਨ ਭਰ ਚਟਕਦੀ ਰਹਿੰਦੀ ਹੈ
ਖ਼ਿਆਲਾਂ 'ਚ
ਤੇਰੀਆਂ ਯਾਦਾਂ ਦੀ ਧੁੱਪ ਖਿੜੀ
ਰਾਤ ਤੇਰੀ ਖ਼ੁਸ਼ਬੋਆ ਸਾਹਾਂ 'ਚ
ਮਹਿਕ-ਮਹਿਕ ਜਾਏ
ਤੇ ਧੜਕਣਾਂ ਦੀ ਰਿਦਮ ਇੰਝ
ਜਿਵੇਂ ਤੇਰੇ ਨਾਂ ਦਾ ਗੀਤ ਗਾਏ।
ਕਦੇ-ਕਦੇ ਉੱਗਦੇ ਸੂਰਜ ਦੇ ਚੁੰਮਣ ਨਾਲ
ਪਿੱਘਲ ਕੇ ਬਿਖਰ ਜਾਂਦੇ ਨੇ
ਪਲਕਾਂ 'ਤੇ ਖ਼ਾਬ।
ਹਕੀਕਤ ਦੇ ਰੂ-ਬ-ਰੂ ਹੋ ਕੇ
ਜ਼ਿੰਦਗੀ ਤਲਾਸ਼ਦੀ ਏ ਆਪਣਾ ਵਜੂਦ
ਜਾਣਦਾ ਹਾਂ ਕਿ
ਤੈਨੂੰ ਪਾਣਾ ਮੁਮਕਿਨ ਨਹੀਂ
ਫਿਰ ਵੀ ਇਕ ਪਿਆਸ਼ ਮੈਨੂੰ
ਸਤਾਉਂਦੀ ਰਹਿੰਦੀ ਹੈ।
ਇਸ ਮੁਹੱਬਤ ਦਾ ਕੋਈ ਨਾਂ ਨਹੀਂ
ਤਾਂ ਕੀ ਹੋਇਆ।
ਦਿਲ ਤੋਂ ਹੋਠਾਂ ਤੱਕ ਕੋਈ ਪੈਗ਼ਾਮ ਨਹੀਂ
ਤਾਂ ਕੀ ਹੋਇਆ।
ਇੰਝ ਹੀ ਰਾਹਾਂ 'ਚ
ਦੀਦ ਤੇਰੀ ਹੁੰਦੀ ਰਹੇ
ਕੋਈ ਅਫ਼ਸਾਨਾ
ਕੋਈ ਅੰਜਾਮ ਨਹੀਂ
ਤਾਂ ਕੀ ਹੋਇਆ।

•♣•

## ਖੇੜ੍ਹਾ

ਆਹਿਸਤਾ-ਆਹਿਸਤਾ
ਖੋਲ੍ਹੇ-ਉਤਾਰੇ
ਆਪਣੇ ਬਦਨ ਤੋਂ
ਇੱਕ ਇੱਕ ਉਹ ਸਾਰੇ
ਕੋਮਲ-ਕੋਮਲ ਰੇਸ਼ਮ ਦੇ ਧਾਗੇ
ਸ਼ਬਨਮ ਦੇ ਸਰਵਰ 'ਚ
ਜਾ ਪੈਰ ਪਾਉਂਦੀ
ਗਦਰਾਏ ਅੰਗਾਂ ਨੂੰ ਮਹਿਕਾਉਂਦੀ
ਰਿਸ਼ਮਾਂ ਦੀ ਲਾਲੀ ਉਹ ਹੋਠਾਂ 'ਤੇ ਲਾਉਂਦੀ
ਮੁਹੱਬਤ ਦਾ ਕਜਲਾ
ਉਹ ਨੈਣਾਂ 'ਚ ਪਾਉਂਦੀ
ਹਵਾਵਾਂ ਦੇ ਸੀਨੇ 'ਚ ਅੱਗ ਲਾਉਂਦੀ
ਰੰਗੀਨ ਰੁੱਤਾਂ ਦਾ
ਲਿਬਾਸ ਪਾਉਂਦੀ
ਆ ਜਾਂਦਾ ਫਿਰ ਉਸਦਾ ਆਵਾਰਾ ਪ੍ਰੇਮੀ
ਹੋਠਾਂ ਦੇ ਨਾਲ ਛੋਂਹਦਾ ਹੋਠਾਂ ਦੀ ਨਰਮੀ
ਪਲ-ਛਿਨ 'ਚ ਪੀ ਜਾਂਦਾ
ਸਾਹਾਂ ਦੀ ਗਰਮੀ
ਦੂਰ ਉੱਡ ਜਾਏ ਭੌਰਾ
ਇਕ ਕਲੀ ਨੂੰ 'ਵਿਕਾਸ' ਫੁੱਲ ਬਣਾ ਕੇ।

•♣•

## ਪ੍ਰਾਣ ਪ੍ਰਤਿਸ਼ਠਾ

ਸੁਬਹ ਤੋਂ ਸ਼ਾਮ ਤੱਕ
ਟਟੋਲਦੀ ਰਹਿੰਦੀ ਹੈ
ਰੇਸ਼ਮੀ ਪਹਿਰਣ ’ਚ ਲਿਪਟੇ
ਮਖ਼ਮਲੀ ਜਿਸਮਾਂ ਨੂੰ
ਸੁਰਖ਼ ਚਿਹਰਿਆਂ ਨੂੰ
ਮੇਰੇ ਨਜ਼ਰ!
ਪਰ–
ਪਿਆਸ ਨਹੀਂ ਬੁਝਦੀ
ਕੋਈ ਦਸਤਕ ਨਹੀਂ ਦਿੰਦਾ
ਨੈਣਾਂ ਦੇ ਰਸਤੇ
ਦਿਲ ਦੀ ਡਿਓੜੀ ਥਾਂਣੀ
ਖ਼ਾਬਾਂ ਦੇ ਮੰਦਰ ’ਚ
ਹਾਂ–
ਜੋ ਖੰਡਿਤ ਹੋ ਚੁੱਕੀ ਹੈ
ਸਿਰਫ਼ ਕਿ ਸੂਰਤ ਹੈ
ਸਦੀਆਂ ਪੁਰਾਣੀ
ਉਡੀਕ ਰਹੀ ਹੈ ਜੋ ‘ਵਿਕਾਸ’
ਪ੍ਰਾਣ-ਪ੍ਰਤਿਸ਼ਠਾ।

•♣•

## ਇਕਰਾਰ

ਨਿਭਾ ਰਿਹਾ ਹਾਂ
ਸਾਹਾਂ ਦੇ ਨਾਲ
ਤੇਰੀ ਮੰਗੀ ਹੋਈ
ਸਹੁੰ ਦਾ ਰਿਸ਼ਤਾ
ਖਲੋਤਾ ਹਾਂ
ਉੱਥੇ ਹੀ
ਜਿੱਥੇ
ਥਮਾ ਗਈ ਸੈਂ
ਮੇਰੇ ਹੱਥਾਂ ਵਿਚ
ਕਾਗਜ਼ ਦਾ ਟੁਕੜਾ
ਉਕੇਰੀ ਸੀ ਜਿਸ 'ਤੇ
ਬਲਦੇ ਅੱਖਰਾਂ ਦੀ ਤਹਿਰੀਰ
ਸ਼ਾਇਦ!
ਹਾਵੀ ਹੋ ਗਏ ਸੀ ਉਦੋਂ
ਤੇਰੇ ਉੱਪਰ ਜਜ਼ਬਾਤ
ਸ਼ਾਇਦ
ਜਾਗ ਪਏ ਸਨ ਉਦੋਂ
ਤੇਰੇ ਅੰਦਰ
ਤੇਰੀ ਉਮਰ ਤੋਂ ਉੱਚੀ
ਤੇਰੀ ਸੋਚ ਦੇ ਅਹਿਸਾਸ
ਝਟਪਟ ਦੇ ਫੈਸਲੇ 'ਚ
ਬਿਨ ਕੁਝ ਦੱਸੇ
ਬਿਨਾਂ ਕੁਝ ਕਹੇ
ਹੋ ਗਈ ਸੈਂ
ਇਕ ਅੰਗਿਆਰਾਂ ਦੀ ਗੰਢ
ਲਿਖਿਆ ਸੀ ਜਿਸ 'ਤੇ
ਬੁਝਣ ਨਾ ਦੇਵੀਂ
ਇਸ ਚੰਗਿਆੜੀ ਨੂੰ

ਬਾਲੀ ਰੱਖੀਂ ਤੂੰ
ਉਡੀਕ ਦਾ ਦੀਵਾ
ਦਿਲ ਦੇ ਸਿਰ੍ਹਾਣੇ।
ਸੀ ਲਈਂ ਤੂੰ
ਆਪਣੇ ਹੋਠਾਂ ਨੂੰ
ਆਵਾਜ਼ ਨਾ ਦੇਵੀਂ
ਦਿੱਸ ਜਾਵਾਂ ਜੇ ਕਿਧਰੇ
ਛਾਂਗ ਦੇਵੀਂ
ਆਪਣੇ ਹੱਥਾਂ 'ਚੋਂ ਉੱਗੇ
ਆਸੀਸਾਂ ਦੇ ਸੰਘਣੇ
ਰੁੱਖਾਂ ਦੀ ਛਾਂ।
ਜਾ ਰਹੀ ਹਾਂ ਮੈਂ
ਬਿਹਤਰ ਭਵਿੱਖ ਲਈ,
ਆਵਾਂਗੀ ਪਰਤ ਕੇ।
ਖਲੋਤਾ ਹਾਂ ਮੈਂ
ਉੱਥੇ ਹੀ
ਸਦੀਆਂ ਪੁਰਾਣੀ ਕਹਾਣੀ ਵਾਂਗ
ਬੁੱਤ ਹੋ ਗਿਆ
ਲੰਘ ਜਾਨੀਏਂ ਤੂੰ
ਮੇਰੇ ਕੋਲੋਂ
ਪਰਛਾਵਿਆਂ ਵਾਂਗ।
ਸ਼ਾਇਦ!
ਬਦਲ ਗਏ ਮੁੜ
ਤੇਰੇ ਜਜ਼ਬਾਤ
ਭੁੱਲ ਗਈ ਏਂ ਤੂੰ
ਉਹ ਬਲਦੀ ਤਹਿਰੀਰ
ਉੱਕਰੀ ਸੀ ਜੋ 'ਵਿਕਾਸ'
ਮੇਰੀ ਜਬੀਂ 'ਤੇ।

•♣•

## ਉਜਲਾ ਅੰਧਕਾਰ

ਸ਼ੌਰੇ ਕਿਹੜੀ ਜਗ੍ਹਾ ਸੀ ?
ਅਨਜਾਨ ਜਿਹੀ ?
ਮੈਂ ਸੀ
ਉਹ ਸੀ
ਤੇ ਇਕ ਸ਼ੌਰੇ ਕੌਣ ਸੀ ?
ਸਾਡੇ ਦੋਹਾਂ ਵਿਚਕਾਰ
ਬੇਸ਼ਕਲਾ
ਕਰ ਰਿਹਾ ਸੀ ਟਿਚਕਰਾਂ
ਸਾਡੇ ਪਾਕ ਰਿਸ਼ਤੇ ਦੇ
ਭਵਿੱਖ 'ਤੇ
ਪਰ
ਅਸੀਂ ਦੋਹੇਂ
ਖੜ੍ਹੇ ਸਾਂ
ਆਪਣੀਆਂ-ਆਪਣੀਆਂ
ਦਲੀਲਾਂ ਲਈ
ਖ਼ਾਮੋਸ਼ੀ ਦੇ ਕਟਹਿਰੇ 'ਚ
ਉਹ ਫਰੋਲ ਰਹੀ ਸੀ
ਸਾਰੇ ਪਹਿਲੂ
ਸਾਰੇ ਇਲਜ਼ਾਮ
ਜੋ ਮੜ੍ਹਨੇ ਸਨ
ਉਨ੍ਹੇ ਮੇਰੇ ਮੱਥੇ
ਤੇ ਮੈਂ
ਕਰ ਰਿਹਾ ਸਾਂ
ਸੋਚਾਂ ਵਿੱਚ
ਉਹ ਸਾਰੀਆਂ
ਕੌੜੀਆਂ ਯਾਦਾਂ
ਸਾਰੇ ਅਪਮਾਨ
ਇਕੱਠੇ
ਜੋ ਕੀਤੇ ਸਨ
ਮੈਂ ਬਰਦਾਸ਼ਤ

ਉਹਦੀ ਖ਼ਾਤਰ
ਵੇਖ ਰਿਹਾ ਸੀ
ਹੱਸਦਾ-ਹੱਸਦਾ
ਇੱਕ ਉਹ
ਜੋ ਖੜਾ ਸੀ
ਸਾਡੇ ਦਰਮਿਆਨ
'ਬੇਸ਼ਕਲਾ'
ਕਈ ਵਾਰੀ ਸੋਚਿਆ
ਇਹ ਕੌਣ ਹੈ
ਜੋ ਜਾਣਦਾ, ਪਛਾਣਦਾ
ਸਾਡੇ ਦੋਹਾਂ ਦੇ
ਸਾਹਾਂ ਨੂੰ
ਕਿਤੇ
ਇਹ ਕੋਈ ਅਵਗਤ ਰੂਹ ਤੇ ਨਹੀਂ
ਕਿਸੇ ਸੁਪਨੇ ਦੀ
ਜਾਂ ਫਿਰ ਸਾਡਾ ਅਤੀਤ ?
ਵਰ੍ਹਿਆਂ ਦੀ ਖ਼ਾਮੋਸ਼ੀ ਟੁੱਟੀ
ਵਹਿ ਗਈ ਸਾਰੀ ਕੁੜੱਤਣ
ਸ਼ਬਦਾ ਦੇ ਵਹਾਅ ਵਿੱਚ
ਮਨ ਨਿਰਮਲ
ਰੂਹਾਂ ਦੀ ਸ਼ਾਸਵਤ ਸ਼ਾਂਤੀ
ਪਰਤ ਕੇ ਜਦ ਅਸਾਂ
ਉਸ ਵੱਲ ਤੱਕਿਆ
ਖੜ੍ਹਾ ਸੀ ਜੋ
ਸਾਡੇ ਦਰਮਿਆਨ
ਜਾ ਚੁੱਕਿਆ ਸੀ ਉਹ
'ਬੇਸ਼ਕਲਾ' ਉੱਥੋਂ
ਜਿਵੇਂ ਸੀ ਕੋਈ
'ਉਜਲਾ ਅੰਧਕਾਰ'

## ਅੰਤਰ ਦਵੰਦ

ਸੋਚਾਂ ਦੇ ਗੁੜ੍ਹੇ
ਅੰਧਕਾਰ 'ਚ
ਛਾਣ ਰਿਹਾ ਹਾਂ
ਇਲਜ਼ਾਮਾਂ, ਬੇਰੁਖ਼ੀਆਂ
ਅਤੇ ਨਫ਼ਰਤਾਂ ਦੇ ਜੰਗਲ
ਹੰਗਾਲ ਰਿਹਾ ਹਾਂ
ਮਨ ਦੇ ਉਜਾਲੇ ਵਿਚ
ਹਰ ਰਾਹ
ਹਰ ਮੋੜ
ਹਰ ਪਲ
ਪਹਿਲੀ ਤੋਂ ਆਖ਼ਰੀ
ਮੁਲਾਕਾਤ ਦਾ
ਹਾਂ,
ਕਦੀ-ਕਦੀ
ਥੱਕ ਕੇ
ਸੁੱਤਾ ਵੀ ਹਾਂ
ਕਿਸੇ ਹੁਸੀਨ ਯਾਦ ਦੀ
ਗੋਦ 'ਚ
ਤੇ, ਕਦੀ-ਕਦੀ
ਗਲਿਆ ਵੀ ਹੈ
ਪਿੰਡੇ ਦਾ ਮਾਸ
ਤੇਜ਼ਾਬੀ ਬਰਸਾਤ 'ਚ
ਭਟਕ ਰਿਹਾ ਹਾਂ
ਮੁੱਦਤ ਤੋਂ
ਪਰ

ਕੋਈ ਪਗਡੰਡੀ ਨਹੀ ਮਿਲੀ
ਜੋੜ ਦੇਵੇ ਜੋ
ਸਾਡੀਆਂ ਰਾਹਾਂ ਨੂੰ
ਸਿਰਫ਼
ਇਕ ਖਾਈ ਵੇਖੀ ਹੈ
ਜਿਸਦੇ
ਇੱਕ ਕੰਢੇ ਮੈਂ
ਤੇ ਦੂਜੇ ਕੰਢੇ ਤੂੰ
ਇਹ ਖਾਈ
ਹੱਸਦੀ ਵੀ ਵੇਖੀ ਹੈ
ਕਈ ਵਾਰ
ਜਦੋਂ ਖਾਂਦੀ ਹੈ ਇਹ
ਵਰ੍ਹੇ-ਵਰ੍ਹੇ ਦਿਨ
ਸਾਡੀ ਅੱਖਾਂ 'ਚੋਂ ਕਿਰੇ
ਸੁਪਨਿਆਂ ਦਾ ਸੌਂਫੀ
ਮਾਸ
ਇਹ ਅਹਿਮ ਦੀ ਖਾਈ
ਸ਼ਾਇਦ
ਨਿਗਲ ਜਾਵੇਗੀ
ਅਹਿਸਤਾ-ਅਹਿਸਤਾ
ਉਮਰਾਂ ਦਾ ਸੂਰਜ
ਕੋਈ ਹੱਲ ਨਾ ਮਿਲਿਆ
ਭਟਕ ਰਿਹਾ ਹਾਂ
ਮੁੱਦਤ ਤੋਂ 'ਵਿਕਾਸ'
ਅੰਤਰ ਦਵੰਦ 'ਚ।

## ਕਵਿਤਾ

ਯਾਦ ਤੇਰੀ
ਇਕ ਸਾਏ ਵਾਕਣ ਕੋਲ ਮੇਰੇ
ਚਿੱਤੋਂ ਪਹਿਰ ਬੈਠੀ ਰਹਿੰਦੀ
ਮੈਂ ਸੌਂਵਾਂ ਤੇ ਅੱਖੀਆਂ ਦੇ ਵਿਚ
ਖ਼ਾਬ ਬਣੇ
ਜਾਗ ਪਵਾਂ ਤਾਂ ਜ਼ਿੰਦਗੀ ਦਾ
ਆਜ਼ਾਬ ਬਣੇ
ਮੁੱਖ ਮੇਰੇ ਨੂੰ ਤੱਕਦੀ ਰਹਿੰਦੀ
ਪਰ ਏ ਮੂੰਹੋਂ ਕੁਝ ਨਾ ਕਹਿੰਦੀ
ਕਦੇ ਕਦੇ ਤੇ ਨਾਲ ਮੇਰੇ
ਲਫ਼ਜ਼ਾਂ ਦੇ ਦਰਿਆ
ਇਕ ਬੁੱਕ ਪੀੜ ਦਾ ਚਾਨਣ
ਪਿੰਡੇ 'ਤੇ ਪਾਂਦੀ
ਮੇਰੇ ਹੋਠਾਂ 'ਤੇ ਇਕ ਚੁੰਮਣ ਵਾਕਣ
ਕਿਰਦੀ
ਮੇਰੇ ਕੋਸੇ ਗੀਤਾਂ ਦੀ ਇੱਕ ਜੂਨ
ਹੰਢਾਉਂਦੀ
ਜਦ ਜ਼ਿੰਦਗੀ ਦੇ ਨੇਰ੍ਹੇ
ਮੇਰੀ ਸੋਚਾਂ ਨੂੰ ਖਾਂਦੇ
ਇਹ ਆਸਾਂ ਦੇ ਦੀਪ ਜਲਾਵੇ
ਆਂਦੇ ਜਾਂਦੇ
ਉਮਰਾਂ ਦੇ ਸੂਰਜ ਨੂੰ
ਤਲੀਆਂ 'ਤੇ ਧਰਦੀ
ਕੀ ਕੁਝ ਹੈ ਪਈ ਕਰਦੀ।

•♣•

## ਡਰ ਸਹਿਮ

ਸੁਹਾਗ ਰਾਤ ਦੇ
ਦਿਲਕਸ਼ ਪਲਾਂ ਨੂੰ
ਸੰਜੋਏ
ਆਪਣੇ ਸਾਹਾਂ ਦੀ ਮਹਿਕ 'ਚ
ਮਾਹੀ ਦੇ ਆਲਿੰਗਣ 'ਚੋਂ
ਲੈ ਕੇ ਕਰਵਟ
ਉੱਠੀ ਹੋਵੇਗੀ ਜਦੋਂ
ਅਹਿਸਤਾ ਨਾਲ
ਲਾਹੀਆਂ ਹੋਣਗੀਆਂ
ਪਿੰਡੇ ਤੋਂ ਚਿਪਕੀਆਂ
ਵਾਲਾਂ 'ਚ ਅਟਕੀਆਂ
ਸੇਜ ਦੀਆਂ ਕਲੀਆਂ
ਓੜ ਕੇ ਦੁਪੱਟਾ
ਬਦਨ ਦੇ ਨੰਗੇਜ਼ 'ਤੇ
ਧਰੇ ਹੋਣਗੇ ਪੈਰ ਜਦੋਂ
ਜ਼ਮੀਨ ਉੱਤੇ
ਨਿੰਮਾ-ਨਿੰਮਾ ਹੱਸਦੀ ਨੇ
ਓਦੋਂ ਛੇੜੀ ਤੇ ਹੋਵੇਗੀ
ਵੰਗਾਂ ਦੇ ਛਣਕਾਟੇ ਨੇ
ਰਾਤ ਦੇ ਅਫ਼ਸਾਨੇ ਦੀ ਬਾਤ
ਪਾਜ਼ੇਬਾਂ ਦੇ ਘੁੰਗਰੂਆਂ ਨੇ
ਛੇੜਿਆ ਤਾਂ ਹੋਵੇਗਾ
ਵਸਲ ਦਾ ਕੋਈ ਮਿੱਠਾ ਰਾਗ
ਫੁੱਲਾਂ ਦੇ ਖੇੜੇ ਵਾਂਗ
ਖਿੜ-ਖਿੜ ਪਏ ਹੋਣਗੇ
ਉਦੋਂ ਤੇਰੇ ਭਾਗ
ਜਾ ਬੈਠੀ ਹੋਵੇਂਗੀ ਜਦੋਂ
ਤੂੰ ਆਈਨੇ ਦੇ ਸਾਹਮਣੇ
ਸੁਰਖ਼ ਅਹਿਸਾਸਾਂ 'ਚ ਖੋਈ
ਜਾਗਿਆ ਹੋਵੇਗਾ ਤੇਰੇ
ਮਨ ਦੇ ਅੰਦਰ ਇਕ ਵਿਚਾਰ
ਕਿ ਅੱਜ ਮੈਂ ਹੋਈ ਹਾਂ
ਸੰਪੂਰਨ ਨਾਰ।

ਤੱਕਿਆ ਹੋਏਗਾ ਜਦੋਂ ਦਰਪਨ 'ਚ
ਆਪਣੇ ਨਿਖਰੇ ਰੂਪ ਦੇ ਚਾਨਣ ਨੂੰ
ਸ਼ਰਮਾ ਜਿਹੀ ਗਈ ਹੋਵੇਂਗੀ
ਆਪਣੇ ਆਪ ਤੋਂ
ਕਰ ਲਿਆ ਹੋਵੇਗਾ ਪਰਦਾ ਮੁੱਖ 'ਤੇ
ਆਪਣੇ ਰੰਗਲੇ ਹੱਥਾਂ ਦਾ
ਵੇਖਿਆ ਹੋਵੇਗਾ ਉਂਗਲਾਂ ਦੀਆਂ
ਝੀਥਾਂ 'ਚੋਂ
ਸੰਗਦੀ-ਸੰਗਾਉਂਦੀ ਨੇ
ਆਪਣੇ ਚਿਹਰੇ ਨੂੰ ਜਦੋਂ
ਠਹਿਰੀ ਤਾਂ ਹੋਵੇਗੀ ਤੇਰੀ ਨਜ਼ਰ
ਆਪਣੇ ਰਸੀਲੇ ਹੋਠਾਂ 'ਤੇ
ਕਿਤੀ ਸੀ ਜਿਨ੍ਹਾਂ 'ਤੇ ਕਦੀ
ਮੈਂ ਰਸੀਦ
ਆਪਣੇ ਖ਼ਾਬਾਂ ਦੀ ਇਬਾਰਤ
ਜਕੜਿਆ ਤਾਂ ਹੋਵੇਗਾ
ਮੇਰੇ ਖ਼ਿਆਲਾਂ ਦੀ ਪਕੜ ਨੇ
ਤੇਰੇ ਗਦਰਾਏ ਜਿਸਮ ਨੂੰ
ਤ੍ਰਬਕ ਕੇ
ਡਰੀ ਸਹਿਮੀ ਤਾਂ ਹੋਏਂਗੀ
ਇਹ ਸੋਚ ਕੇ
ਕਿ ਕਿਤੇ
ਵੇਖ ਨਾ ਲਏ 'ਉਹ'
ਤੇਰੇ ਸ਼ਬਨਮੀ ਖ਼ਾਬਾਂ 'ਚ
ਮੇਰੇ ਅਕਸ ਨੂੰ
ਤੇਰੇ ਸੁਲਗਦੇ ਅੰਗਾਂ 'ਤੇ ਲਿਪਟੇ
ਮੇਰੇ ਸਾਏ ਨੂੰ
ਪੁੱਛ ਨਾ ਲਵੇ ਕਿਤੇ
ਇਹ ਕੌਣ ਸੀ ?
ਖਲੋਤਾ ਸੀ ਜੋ ਹੁਣੇ
ਤੇਰੇ ਕੋਲ
ਮੇਰੀ ਥਾਂਵੇਂ
ਡਰੀ ਸਹਿਮੀ ਤੇ ਹੋਵੇਂਗੀ
ਇਹ ਸੋਚ ਕੇ। ●●

## ਦੀਵਾ

ਘਰ ਦੀਆਂ
ਬਰੂਹਾਂ ਉੱਤੇ
ਨਜ਼ਰ
ਇੰਜ ਠਹਿਰੀ ਹੋਈ ਸੀ
ਜਿਵੇਂ
ਕਿਸੇ ਘੜੀ ਦੀਆਂ
ਸੂਈਆਂ ਰੁਕ ਗਈਆਂ ਹੋਣ
ਸਿਰਫ ਆਵਾਜ਼ ਆ ਰਹੀ ਸੀ
ਟਿਕ-ਟਿਕ-ਟਿਕ ... ... ...
ਦਿਲ ਦੀ ਧੜਕਣ ਦੀ
ਬੇਚੈਨ ਅੰਤਰ ਆਤਮਾ ਦੇ
ਵਾ-ਵਰੋਲਿਆਂ 'ਚ
ਕਈ ਸੁਲਝੇ ਅਣ-ਸੁਲਝੇ ਸਵਾਲ
ਪਰਤ-ਦਰ-ਪਰਤ
ਉਧੜਦੇ ਬੁਣਦੇ ਖ਼ਿਆਲ
ਮਨ ਉਦਾਨ
ਪਲਕਾਂ ਉੱਤੇ
ਤੇਰੀ ਉਡੀਕ ਦਾ ਭਾਰੀਪਨ
ਹੋਠਾਂ ਉੱਤੇ
ਤੇਰੇ ਵਸਲ ਦੀ ਅਰਦਾਸ
ਸਮਾਂ ਆਪਣੀ ਗਤੀ ਨਾਲ
ਜਲ ਰਿਹੈ
ਤੇ
ਮੇਰੀ ਬੁੱਕਲ ਵਿੱਚ 'ਵਿਕਾਸ'
ਤੇਰੀ ਉਡੀਕ ਦਾ
ਦੀਵਾ ਬਲ ਰਿਹੈ।

## ਚੁੱਪ ਦੀ ਸਾਂਝ

ਤੇਰੇ ਤੇ ਮੇਰੇ
ਸਾਡੇ ਦੋਹਾਂ ਦੇ ਵਿਚਕਾਰ
ਇਕ ਗਹਿਰੀ ਚੁੱਪ ਦੀ ਸਾਂਝ
ਇਹ ਚੁੱਪ
ਜਿਸਦੇ ਨਾਲ
ਸਦੀਆਂ ਨੇ ਸੰਜੋਗ ਹੈ ਕੀਤਾ
ਜਿਸਦੀ, ਹਨੇਰੀ ਕੁੱਖ ਨੇ
ਵਰ੍ਹਿਆਂ ਦੇ ਚਾਨਣ ਨੂੰ ਪੀਤਾ
ਉਮਰਾਂ ਦੇ ਸੂਰਜ ਨੂੰ ਖਾਧਾ
ਜਿਸ ਦੀ ਝੋਲੀ ਵਿਚ ਕੁਝ ਯਾਦਾਂ
ਹੁਣ ਸ਼ਾਇਦ
ਸਾਡੇ ਹੋਠਾਂ ਦੀ ਗੋਦੇ
ਕੋਈ ਮਿੱਠੜਾ ਚੰਨ ਨਹੀਂ ਖਿੜਨਾ
ਨਾ ਪਲਕਾਂ ਦੇ ਉਹਲੇ ਕੋਈ
ਹੁਣ ਸ਼ਗਨਾਂ ਦਾ ਤਾਰਾ ਤਿੜਕਣਾ
ਤੇ ਹੁਣ ਮੇਰੇ ਕੁਮਲਾਏ ਹੱਥਾਂ
ਤੇਰੇ ਸਿਰ ਦੁਆ ਦੀ ਛਾਂ ਨਹੀਂ ਕਰਨੀ
ਤੇ ਠੋਕਰ ਵੇਲੇ ਵੀ ਹੁਣ
ਇਕ ਦੂਜੇ ਦੀ ਬਾਂਹ ਨਹੀਂ ਫੜਨੀ
ਕਿਉਂਕਿ 'ਵਿਕਾਸ'
ਤੇਰੇ ਤੇ ਮੇਰੇ
ਸਾਡੇ ਦੋਹਾਂ ਦੇ ਵਿਚਕਾਰ
ਇਕ ਗਹਿਰੀ ਚੁੱਪ ਦੀ ਸਾਂਝ

•♣•

## ਦੇਹਰਾ

ਪਲਕਾਂ ਦੀ ਸੰਘਣੀ ਛਾਂ ਹੇਠ
ਨੈਣਾਂ ਦੀਆਂ ਨੀਝਾਂ ਉੱਤੇ
ਖ਼ਾਬਾਂ ਦਾ ਇਕ ਦੇਹਰਾ
ਏਨੇ ਕੁ ਵਰ੍ਹੇ ਪੁਰਾਣਾ
ਜਿੰਨੀ ਕੁ ਮੇਰੇ ਉਮਰ ਦਾ ਅਫ਼ਸਾਨਾ
ਜਦੋਂ ਯਾਦਾਂ ਦਾ ਸਰਦ ਪੱਤਝੜ
ਪਲਕਾਂ ਦੀਆਂ ਕੂਲੀਆਂ ਟਾਹਣੀਆਂ ਤੋਂ
ਵਰ੍ਹਿਆਂ ਦੇ ਜ਼ਰਦ ਪੱਤਰ ਕੇਰਦਾ
ਤੇ ਦੇਹਰੇ ਦੇ ਆਲੇ ਵਿੱਚ ਬਲਦਾ
ਦੀਵਾ
ਇਹਨਾਂ ਪੱਤਰਾਂ ਨੂੰ ਵੇਖ
ਬੁੱਲ ਟੇਰਦਾ
ਇਹ ਦੀਵਾ ਜਿਸ ਦੀ ਲੋਅ ਵਿਚ
ਮੇਰੀ ਆਸ ਦਾ ਅਕਸ ਪਲਦਾ
ਇਹ ਦੀਵਾ ਜਿਸ ਦੀ ਲੋਅ ਵਿਚ
ਮੇਰੀ ਉਮਰ ਦਾ ਸੂਰਜ ਬਲਦਾ
ਕਈ ਵਾਰ ਬੁਝਾਇਆ
ਬੇਰਹਿਮ ਹਵਾਵਾਂ ਇਸ ਨੂੰ
ਪਰ ਜਦ ਵੀ ਹਨੇਰਿਆਂ
ਇਸਦਾ ਚਾਨਣ ਪੀਤਾ
ਮੇਰੇ ਤੱਤੜੇ ਸਾਹਾਂ
ਇਸ ਨੂੰ ਆਗੋਸ਼ 'ਚ ਲੀਤਾ
ਛਾਤੀ ਨਾਲ ਲਾਇਆ
ਚਿੰਗਾੜੀਆਂ ਦਾ ਦੁੱਧ ਪਿਆਇਆ
ਇਹ ਦੀਵਾ, ਤੇਰੇ ਇੰਤਜ਼ਾਰ ਦਾ ਦੀਵਾ
ਨੈਣਾਂ ਦੀਆਂ ਨੀਝਾਂ ਅਤੇ
ਖ਼ਾਬਾਂ ਦੇ ਦੇਹਰੇ ਦੇ ਆਲੇ ਵਿੱਚ
ਅੱਜ ਵੀ
ਰੁਸ਼ਨਾ ਰਿਹੈ
ਤੇਰੀ ਉਡੀਕ ਵਿੱਚ
ਚੜ੍ਹਦੀ ਸਵੇਰ
ਤੇ ਸ਼ਾਇਦ ਆਖਰੀ ਸਾਹ ਤੀਕ
ਨਿਰੰਤਰ ... ... ... ●●

## ਭਰੂਣ ਹੱਤਿਆ

ਸ਼ਹਿਰ ਤੋਂ ਬਾਹਰ ਜਾਂਦੀ ਸੜਕ 'ਤੇ
ਜਿੱਥੇ ਮਿਊਂਸਪਲਟੀ ਵੱਲੋਂ
ਕੂੜੇ ਦੇ ਢੇਰ ਲਾਏ ਜਾਂਦੇ ਨੇ
ਅੱਜ ਉੱਥੇ
ਕੂੜੇ ਦੇ ਢੇਰ ਦੇ ਆਲੇ-ਦੁਆਲੇ
ਜੁੜਿਆ ਹੋਇਆ
ਲੋਕਾਂ ਦਾ ਹਜ਼ੂਮ
ਉਸ ਰਸਤੇ ਤੋਂ ਲੰਘਦਾ ਹਰ ਸ਼ਖ਼ਸ
ਉੱਥੇ ਰੁਕਦਾ
ਜੇਬ 'ਚੋਂ ਰੁਮਾਲ ਕੱਢਦਾ
ਮੂੰਹ ਕੱਜਦਾ
ਬਦਬੂ ਤੋਂ ਬਚਣ ਲਈ
ਤੇ ਫੇਰ ਕੁਝ ਬੁੜਬੁੜਾਂਦੇ
ਅਗਾਂਹ ਤੁਰ ਪੈਂਦਾ
ਜਿਸਦੇ ਬੇ-ਚਿਹਰਾ ਕਾਤਿਲ
ਸ਼ਾਇਦ ਕਿਤੇ
ਏਸ ਕਤਲ ਜਾ ਜਸ਼ਨ ਮਨਾਉਂਦੇ ਹੋਣ
ਫਿਰ ਕਿਸੇ ਕੁਆਰੀ ਕੁੱਖ ਨੂੰ
ਆਪਣੀ ਹਵਸ ਦਾ ਦਾਗ ਲਾਂਦੇ ਹੋਣ
ਕਿਉਂਕਿ
ਉਸ ਕੂੜੇ ਦੇ ਢੇਰ 'ਤੇ
ਕੁਝ ਕੁ ਮਹੀਨੇ ਦੇ
ਬੱਚੇ ਦਾ ਭਰੂਣ ਪਿਆ ਸੀ
ਜਿਸਨੂੰ ਆਵਾਰਾ ਕੁੱਤੇ
ਨੋਚ ਰਹੇ ਸਨ।

## ਸ਼ਿਵ

ਕਦਮ ਪੁੱਟਿਆ
ਇਹ ਸੋਚ ਕੇ
ਕਿ
ਇਸ ਨੂੰ ਠੋਕਰ ਦੇਵਾਂ
ਠੋਕਰ ... ... ...
ਇਹ ਸ਼ਬਦ ਜ਼ਿਹਨ ਦੇ
ਅਸਮਾਨ ਵਿਚ
ਬੇਪਰਵਾਹ ਬਿਜਲੀ ਵਾਂਗ
ਕੜਕੜਾਇਆ
ਜਿਸਮ, ਭੂਤ ਕਾਲ ਦੀਆਂ ਯਾਦਾਂ ਦੇ
ਤੇਜ਼ ਝੋਂਕੇ ਨਾਲ
ਇਕ ਸੁੱਕੇ ਪੱਤੇ ਵਾਂਗ
ਸ਼ਰਮਾਇਆ
ਆਤਮਾ
ਸੋਚਾਂ ਦੇ ਗਹਿਰੇ ਗਰਤ 'ਚ
ਗੁਆਚਦੀ ਚਲੀ ਗਈ
ਨਾਕਾਮੀਆਂ, ਉਦਾਸੀਆਂ
ਉਹ ਸਭ ਜ਼ਖ਼ਮ
ਜੋ ਹੋਏ ਸਨ ਹਾਸਿਲ
ਸਮਾਜ ਤੋਂ
ਚਲਚਿੱਤਰ ਵਾਂਗ
ਅੱਖੀਆਂ 'ਚ ਉੱਭਰਦੇ ਚਲੇ ਗਏ
ਕੁਝ ਚਿਰ ਦੀ ਸਥਿਰਤਾ ਤੋਂ ਬਾਅਦ
ਜਿਵੇਂ
ਰਿਤੂਰਾਜ ਨੇ ਆਪਣੇ ਤਰਕਸ਼ 'ਚੋਂ
ਬਸੰਤ-ਬਾਣ ਚਲਾਇਆ
ਨਿਰਾਸ਼ ਮਨ 'ਚ
ਚੇਤਨਾ ਦੀਆਂ
ਫੁਨਗੀਆਂ ਫੁੱਟੀਆਂ

ਅੱਖੀਆਂ 'ਚ ਚਮਕ
ਚਿਹੇ 'ਤੇ ਕ੍ਰਾਂਤੀ
ਆਤਮਾ 'ਚ ਸ਼ਾਂਤੀ
ਪਹਾੜ ਦੀ ਟੀਸੀ ਤੋਂ
ਮੈਂ ਜ਼ੋਰ ਨਾਲ
ਉਸ ਪੱਥਰ ਨੂੰ ਠੋਕਰ ਮਾਰੀ
ਇਹ ਸੋਚ ਕੇ
ਕਿ ਸ਼ਾਇਦ
ਇਹ ਵੀ ਗੋਲ ਹੋ ਕੇ
ਕਿਸੇ ਸ਼ਿਵਾਲੇ ਦਾ
ਸ਼ਿਵ ਬਣ ਜਾਏ।

•♣•

## ਚਿਣਗ

ਮਹਿੰਦੀ ਰੰਗੀ ਤੇਰੀ ਤਲੀਆਂ 'ਚੋਂ ਪਹਿਲੇ ਪਿਆਰ ਦੀ ਖ਼ੁਸ਼ਬੋ
ਤੇਰੇ ਸਾਹਾਂ 'ਚੋਂ ਆਂਦੀ ਹੈ ਤੇਰੇ ਦਿਲਦਾਰ ਦੀ ਖ਼ੁਸ਼ਬੋ
ਡਰੀ-ਸਹਿਮੀ ਤੇਰੀ ਅੱਖੀਆਂ 'ਚੋਂ ਕਿਰ ਕੇ ਸ਼ਬਨਮੀ ਕਤਰੇ
ਤੇਰੇ ਹੋਠਾਂ 'ਤੇ ਧਰਦੇ ਨੇ ਤੇਰੇ ਇਕਰਾਰ ਦੀ ਖ਼ੁਸ਼ਬੋ
ਮਹਿੰਦੀ ਰੰਗੀ ... ... ...

ਖ਼ਿਆਲਾਂ 'ਚ ਹੋਈ ਗੁੰਮ-ਸੁੰਮ ਲੜੀ ਜੋ ਬੁਣਦੀ ਰਹਿੰਦੀ ਸੀ
ਉਹ ਸੋਹਣੇ ਸੁਰਖ਼ ਸੁਪਨੇ ਜੋ ਕਦੀ ਤੂੰ ਚੁਣਦੀ ਰਹਿੰਦੀ ਸੀ
ਉਹ ਫੁੱਲ-ਕਲੀਆਂ ਦੀ ਮਿੱਠੀ ਰਾਗਨੀ ਜੋ ਸੁਣਦੀ ਰਹਿੰਦੀ ਸੀ
ਜਿਗਰ ਦੀ ਪੀੜ ਵਿਚ ਤੇਰੀ ਹੈ ਉਸ ਸੰਸਾਰ ਦੀ ਖ਼ੁਸ਼ਬੋ
ਮਹਿੰਦੀ ਰੰਗੀ ... ... ...

ਤੇਰੀ ਚੂੜੀ ਤੇਰੇ ਝੁਮਕੇ ਤੇਰੇ ਕੰਗਣ ਤੇਰੀ ਬਿੰਦੀਆ
ਤੇਰੇ ਗਜਰੇ ਤੇਰੇ ਨਖਰੇ ਤੇਰੇ ਹਾਸੇ ਦੀਆਂ ਚਿੜੀਆਂ
ਕਿਉਂ ਇੰਝ ਉਦਾਸ ਹੋਈਆਂ ਨੇ ਤੂੰ ਕਿਸ ਦੀ ਰਾਹ ਤੱਕਦੀ ਏਂ
ਤੇਰੀ ਬੇਚੈਨੀਆਂ ਵਿਚ ਹੈ ਕਿਸੇ ਇੰਤਜ਼ਾਰ ਦੀ ਖ਼ੁਸ਼ਬੋ
ਮਹਿੰਦੀ ਰੰਗੀ ... ... ...

ਇੱਕ ਮੂਰਤ ਉਹ ਇਕ ਸੂਰਤ ਦਿਲ ਭਰਮਾ ਰਹੀ ਹੈ ਜੋ
ਸਾਹਾਂ ਚਿਣਗਾਂ ਧਰਦੀ ਪਰ ਨਜ਼ਰ ਨਾ ਆ ਰਹੀ ਹੈ ਜੋ
ਤਿੜਕ ਜਾਣੇ ਨੇ ਸਭ ਵਾਅਦ ਬਿਖਰ ਜਾਣੇ ਨੇ ਸਭ ਸੁਪਨੇ
ਪਲਾਂ ਵਿਚ ਉੱਡ ਹੈ ਜਾਣੀ ਹੁਣ ਤੇਰੇ ਇਤਬਾਰ ਦੀ ਖ਼ੁਸ਼ਬੋ
ਮਹਿੰਦੀ ਰੰਗੀ ... ... ...

ਬਰੂਹਾਂ ਵੱਲ ਟੁਰੀ ਜਾਂਦੀ ਦੇ ਸਾਹਾਂ ਵਿਚ ਸ਼ਰਾਰੇ ਨੇ
ਰਹੇਂ ਤੂੰ ਖ਼ੁਸ਼ ਸਦਾ ਵੱਸਦੀ ਦੁਆਵਾਂ ਦੇਂਦੇ ਸਾਰੇ ਨੇ
ਹੁਣੇ ਰੁਗ ਭਰ ਤੇਰੇ ਬਾਬਲ ਨੇ ਸਿਰ ਤੋਂ ਪਿਆਰ ਵਾਰੇ ਨੇ
ਤੇਰੇ ਪਿੱਛੋਂ ਹੈ ਰਹਿ ਜਾਣੀ ਤੇਰੇ ਸਤਿਕਾਰ ਦੀ ਖ਼ੁਸ਼ਬੋ
ਮਹਿੰਦੀ ਰੰਗੀ ... ... ...

•♣•

## ਛੋਟੇ ਬੱਚੇ

ਜਦ ਤੱਕ ਛੋਟੇ ਬੱਚੇ ਸੀ
ਤਦ ਤੱਕ ਕਿੰਨੇ ਅੱਛੇ ਸੀ
ਸਭ ਆਪਣੇ ਹੀ ਲੱਗਦੇ ਸੀ
ਦਿਲ ਦੇ ਕਿੰਨੇ ਸੱਚੇ ਸੀ।

ਨਾ ਮਜਹਬ ਨਾ ਜਾਤ ਕੋਈ
ਨਾ ਨਫ਼ਰਤ ਦੀ ਬਾਤ ਕੋਈ
ਦਿਨ ਭਰ ਮਸਤੀ ਕਰਦੇ ਸੀ
ਜਦ ਤੱਕ ਉਮਰ ਤੋਂ ਕੱਚੇ ਸੀ।

ਸੁਪਨਿਆਂ ਦੀ ਇਕ ਦੁਨੀਆਂ ਸੀ
ਚੰਨ-ਸਿਤਾਰੇ ਪਰੀਆਂ ਸੀ
ਮਾਂ ਦੀ ਮਿੱਠੀ ਲੋਰੀ ਸੀ
ਉਹ ਦਿਨ ਕਿੰਨੇ ਅੱਛੇ ਸੀ।

ਬੱਚਿਆਂ ਦੀ ਇਕ ਟੋਲੀ 'ਚ
ਘਰ ਤੋਂ ਨਿਕਲੇ ਹੋਲੀ 'ਚ
ਪਿਆਰ 'ਚ ਰੰਗ, ਰੰਗ ਜਾਂਦੇ ਸੀ
'ਵਿਕਾਸ' ਫੁੱਲਾਂ ਦੇ ਗੁੱਛੇ ਸੀ।

•♣•

## ਪਿਆਸਾ ਸਮੁੰਦਰ

ਉੱਡ ਗਿਆ ਹੈ
ਖਾਰਾ ਪਾਣੀ
ਇੰਤਜ਼ਾਰ ਦੇ ਵਾਸ਼ਪਾਕਰਨ 'ਚ
ਤਲਹਟੀ ਦੀ ਰੇਤ 'ਤੇ
ਰਹਿ ਗਏ ਨੇ
ਹਸਰਤਾਂ ਦੀਆਂ ਲਹਿਰਾਂ ਦੇ ਨਿਸ਼ਾਨ
ਇੱਧਰ-ਉੱਧਰ ਬਿਖਰੇ
ਦੁੱਖਾਂ ਦੇ ਪੱਥਰ
ਕਰ ਰਹੇ ਨੇ ਬਿਆਨ
ਬੇਬਸੀ ਦੀ ਕਹਾਣੀ
ਆ ਰਹੀ ਹੈ ਸੜ੍ਹਾਂਦ
ਸੁਪਨਿਆਂ ਦੀ ਮੋਈਆਂ
ਮੱਛੀਆਂ 'ਚੋਂ
ਸੁੱਕ ਗਈ ਹੈ ਕਿਨਾਰਿਆਂ 'ਤੇ
ਪਲਕਾਂ ਦੀ ਹਰਿਆਵਲ
ਮੇਰੇ ਨੈਣ ਇਕ ਪਿਆਸਾ ਸਮੁੰਦਰ
ਉਡੀਕ ਰਹੇ ਨੇ 'ਵਿਕਾਸ'
ਬਦਲੀ ਤੇਰੀ ਦੀਦ ਦੀ।

## ਤੇਰਾ ਸਾਇਆ

ਤੇਰਾ ਸਾਇਆ ਹੈ ਜਦ ਦਾ ਦੂਰ ਮੈਥੋਂ
ਬਹੁਤ ਤਨਹਾ ਹਾਂ।

ਸਾਹ ਅਤੇ ਜ਼ਿੰਦਗੀ ਦੇ ਦਰਮਿਆਨ
ਜਿਵੇਂ ਕੋਈ ਇਮਤਿਹਾਂ ਹਾਂ
ਤੇਰਾ ਸਾਇਆ ਹੈ ਜਦ ਤੋਂ ਦੂਰ ਮੈਥੋਂ
ਬਹੁਤ ਤਨਹਾ ਹਾਂ।

ਸੁਲਗਦੇ ਬੁੱਲ੍ਹ ਤੇਰੀ ਜਬੀਂ 'ਤੇ ਰੱਖ ਲਾਂ
ਖ਼ਾਬ ਬਣ ਕੇ ਤੇਰੀ ਅੱਖਾਂ 'ਚ ਵੱਸ ਲਾਂ
ਪਿਆਸਾ ਅਰਮਾਂ ਹਾਂ
ਤੇਰਾ ਸਾਇਆ ਹੈ ਜਦ ਤੋਂ ਦੂਰ ਮੈਥੋਂ
ਬਹੁਤ ਤਨਹਾ ਹਾਂ।

ਦਿਲ ਦੀ ਵੀਰਾਨੀ ਸ਼ਹਿਰ ਜਿਵੇਂ ਸਲੀਬਾਂ ਦਾ
ਹਵਾਵਾਂ ਵਗਣ ਖੁਸ਼ਕ, ਬੁਝੀਆਂ ਉਮੀਦਾਂ ਦਾ
ਬੰਜਰ ਜ਼ਹਾਂ ਹਾਂ
ਤੇਰਾ ਸਾਇਆ ਹੈ ਜਦ ਤੋਂ ਦੂਰ ਮੈਥੋਂ
ਬਹੁਤ ਤਨਹਾ ਹਾਂ।

ਤੇਰੀ ਯਾਦ 'ਚ ਪੈਹਮ ਅਸ਼ਕਬਾਰ ਹਾਂ
ਚਲੀ ਆ ਸਦੀਆਂ ਦਾ ਇੰਤਜ਼ਾਰ ਹਾਂ
ਠਹਿਰਿਆ ਲਮਹਾ ਹਾਂ
ਤੇਰਾ ਸਾਇਆ ਹੈ ਜਦ ਤੋਂ ਦੂਰ ਮੈਥੋਂ
ਬਹੁਤ ਤਨਹਾ ਹਾਂ।

ਦੂਰ, ਬਹੁਤ ਦੂਰ, ਜਿੱਥੋਂ ਤੀਕ ਨਜ਼ਰ ਦੌੜਾਵਾਂ
ਸੋਚ ਦੇ ਦਾਇਰੇ 'ਚ ਖਲਾਵਾਂ ਹੀ ਖਲਾਵਾਂ
ਸੁੰਨਾ ਆਸਮਾਂ ਹਾਂ
ਤੇਰਾ ਸਾਇਆ ਹੈ ਜਦ ਤੋਂ ਦੂਰ ਮੈਥੋਂ
ਬਹੁਤ ਤਨਹਾ ਹਾਂ।

•♣•

## ਗੀਤ

ਜੀ ਕਰਦਾ ਨਿਰਮੋਹੀ ਸੱਜਣਾ ਅੱਜ ਤੈਨੂੰ ਗਲਵੱਕੜੀ ਪਾਵਾਂ,
ਤੇਰੇ ਮੁੱਖ ਦਾ ਤਪਦਾ ਸੂਰਜ, ਠਰਦੀ ਹਿਕੜੀ ਨਾਲ ਛੁਹਾਵਾਂ,
ਤੇ ਮਰ ਜਾਵਾਂ।

ਇੰਝ ਲੱਗਦਾ ਨਿਰਮੋਹੀ ਸੱਜਣਾ, ਜਦ ਦਾ ਤੂੰ ਪਰਦੇਸ ਗਿਓਂ ਏ,
ਮੇਰੇ ਦਿਲ ਦੀਆਂ ਸੁੱਚੀਆਂ ਰੀਝਾਂ, ਤੂੰ ਪੀੜਾਂ ਹੱਥ ਵੇਚ ਗਿਓਂ ਏ,
ਕਿਸ ਨਾਲ ਦਰਦ ਕਰਾਂ ਮੈਂ ਸਾਂਝੇ, ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।

ਯਾਦਾਂ ਦੇ ਮੈਂ ਕੰਡੇ ਸੱਜਣਾ, ਨਿਤ ਪਲਕਾਂ ਦੇ ਨਾਲ ਹਾਂ ਚੁਣਦੀ,
ਖ਼ਾਬਾਂ ਦਾ ਇਕ ਤਾਣਾ-ਬਾਣਾ, ਸ਼ਾਮ-ਸਵੇਰੇ ਰੋਜ਼ ਹਾਂ ਬੁਣਦੀ,
ਕਿਸ ਨਾਲ ਫੱਗਣ ਦੇ ਰੰਗ ਖੇਡਾਂ, ਕਿਸ ਨੂੰ ਸੁੱਚੇ ਅੰਗ ਛੁਹਾਵਾਂ।

ਸੂਰਜ ਦੀ ਮੈਂ ਰਿਸ਼ਮ ਵੇ ਪਹਿਲੀ, ਫੁੱਲਾਂ ਦੇ ਮੁੱਖ ਚੁੰਮਣ ਪਾਵਾਂ,
ਮੈਂ ਬਿਰਹਨ ਤੇਰੇ ਇਸ਼ਕ ਦੀ ਮਾਰੀ, ਕੂੰਜਾਂ ਵਾਂਗ ਪਈ ਕੁਰਲਾਵਾਂ,
'ਵਿਕਾਸ' ਬਿਨਾ ਇਹ ਪ੍ਰੀਤ ਮੈਂ ਸੁਚੜੀ, ਕਿਸ ਪ੍ਰੀਤਮ ਦੇ ਚਰਨੀ ਲਾਵਾਂ।

## ਗੀਤ

ਨਿਰ-ਸ਼ਬਦਾਂ ਦਾ ਦਰਦ ਹੈ ਮੇਰੇ ਦਿਲ ਦੇ ਅੰਦਰ
ਨਿਰ-ਸ਼ਬਦੇ ਨੂੰ ਸ਼ਬਦਾਂ ਦੀ ਕਿੰਝ ਗੋਦ 'ਚ ਪਾਵਾਂ
ਹੋਠਾਂ ਦੇ ਕਿੰਝ ਕੋਸੇ-ਕੋਸੇ ਚੁੰਮਣ ਦੇਵਾਂ
ਮੈਂ ਕਿੰਝ ਕੋਈ ਗੀਤ ਰਚਾਵਾਂ ?

ਦਰਦ ਅਥਾਹ ਇਕ ਸਾਗਰ ਜੀਕਣ
ਉਮਰ ਸਫ਼ੀਨਾ ਡੁੱਬਦਾ
ਨਿੱਤ ਸਾਹਾਂ ਦਾ ਸੂਰਜ ਵੇਖਾਂ
ਮੈਂ ਢਲਦਾ ਤੇ ਉੱਗਦਾ
ਲੇਖਾਂ ਵਾਲੀ ਧਰਤ 'ਤੇ ਬੈਠਾ
ਹੰਝੂ ਬੀਜੀ ਜਾਵਾਂ।

ਰੂਹ ਤੇ ਜਿਸਮ ਵੀ ਥੱਕੇ ਹਾਰੇ
ਦੀਦਾਂ ਦੇ ਤ੍ਰਿਹਾਏ
ਸੁਲਗ ਰਹੇ ਨੇ ਸਦੀਆਂ ਤੋਂ ਏਹ
ਪਰ ਸੱਜਣ ਨਾ ਆਏ
ਨਿੱਤ ਮੈਂ ਇਸ਼ਕ 'ਚ ਪਗਲਾ ਸੁੰਨੀਆਂ
ਰਾਹਾਂ ਪੂਜਣ ਜਾਵਾਂ।

ਹੁਣ ਤਾਂ ਨੈਣਾਂ ਵਿੱਚ ਵੀ ਕੋਈ
ਖ਼ਾਬ ਨਾ ਫੇਰਾ ਪਾਏ
ਖਾਰੇ ਨੇ ਜਿਸ ਖੂਹ ਦੇ ਪਾਣੀ
ਕਿੰਝ ਕੋਈ ਪਿਆਸ ਬੁਝਾਏ
ਤਨਹਾਈਆਂ ਇਹ ਗਿਰਜਾਂ ਨੂੰ
ਕਿੰਝ ਤਾੜੀ ਮਾਰ ਉਡਾਵਾਂ।

## ਗੀਤ

ਅਲਵਿਦਾ-ਅਲਵਿਦਾ ਏ ਮੇਰੇ ਦੋਸਤੋ ਅਲਵਿਦਾ

ਜਿੱਥੇ ਸਿੱਖੇ ਬਣਾਨੇ ਮੈਂ ਕੱਚੇ ਮਕਾਂ
ਖ਼ਾਬ ਵੇਖੇ ਸੁਨਹਿਰੀ ਮੈਂ ਹੋ ਕੇ ਜਵਾਂ
ਜਿਸਦੀ ਖ਼ੁਸ਼ਬੋਈ ਰਾਹਾਂ 'ਚ ਮੇਰੇ ਰਵਾਂ
ਉਸ ਸ਼ਹਿਰ ਦੀ ਏ ਆਬੋ-ਹਵਾ ਅਲਵਿਦਾ
ਅਲਵਿਦਾ - ਅਲਵਿਦਾ - ਅਲਵਿਦਾ।

ਜ਼ਿੰਦਗੀ ਦੀ ਮੇਰੀ ਫੜਫੜਾਉਂਦੀ ਹੈ ਲੋਅ
ਟੁੱਟਦੇ ਸਾਹਾਂ ਦੇ ਵਿਚ ਯਾਦ ਆਉਂਦੀ ਹੈ ਉਹ
ਉਸਨੂੰ ਲੈ ਆਓ ਜਾ ਕੇ ਮਨਾ ਕੇ ਕੋਈ
ਮੌਤ ਵੀ ਸਾਹਮਣੇ ਆ ਗਈ ਏ ਖਲੋ
ਉਸ ਨੂੰ ਕਹਿ ਦਉ ਕੋਈ ਆਖ਼ਰੀ ਹੈ ਸਮਾਂ
ਆ ਵੀ ਜਾ
ਅਲਵਿਦਾ - ਅਲਵਿਦਾ - ਅਲਵਿਦਾ।

ਦਿਲ ਦੀ ਗਹਿਰਾਈ 'ਚ, ਮੇਰੀ ਤਨਹਾਈ 'ਚ
ਕੋਈ ਉਸ ਤੋਂ ਸਿਵਾ ਹੋਰ ਵੱਸਦਾ ਨਹੀਂ
ਕੋਈ ਵੰਡਦਾ ਨਹੀਂ ਆ ਕੇ ਸੁਖ-ਦੁੱਖ ਮੇਰੇ
ਨਾਲ ਰੋਂਦਾ ਨਹੀਂ ਕੋਈ ਹੱਸਦਾ ਨਹੀਂ
ਮੇਰੇ ਦਰਦਾਂ ਦਾ ਹੁਣ ਹੋਰ ਹੱਲ ਨਾ ਕੋਈ
ਮੌਤ ਤੋਂ ਇਕ ਸਿਵਾ
ਅਲਵਿਦਾ - ਅਲਵਿਦਾ - ਅਲਵਿਦਾ।

ਕੋਸੇ-ਕੋਸੇ ਮੈਂ ਇਤਰ ਭਿੱਜੇ ਸਾਹਾਂ 'ਚ
ਜੀਣਾ ਚਾਹੁੰਨਾ ਉਹਦੀ ਜ਼ੁਲਫ਼ਾਂ ਦਾ ਛਾਵਾਂ 'ਚ
ਰੀਝ ਦਿਲ ਦੀ ਹੈ ਦੀਦਾਰ ਉਸ ਦਾ ਕਰਾਂ
ਕਿੰਝ ਮੈਂ ਜਾਵਾਂ ਮਗਰ ਉਸ ਦੀਆਂ ਰਾਹਾਂ 'ਚ
ਮੌਤ ਦੀ ਦੇਵੀ ਦੇਵੇ ਉਧਾਰੇ ਨਾ ਸਾਹ
ਵੇਖੇ ਤਰਲੇ ਵੀ ਪਾ
ਅਲਵਿਦਾ - ਅਲਵਿਦਾ - ਅਲਵਿਦਾ।

## ਗੀਤ

ਜਿਹੜੇ ਦਿੱਤੀ ਹੋਈ ਜ਼ੁਬਾਨ ਉੱਤੇ ਰਹਿੰਦੇ ਸੀ ਅਟੱਲ
ਐਸੇ ਸੱਚੇ-ਸੁੱਚੇ ਲੋਕ ਨਾ ਮਿਲਣ ਅੱਜ-ਕੱਲ੍ਹ
ਪਿਆਰ ਰਹਿ ਗਿਆ ਏ ਬੀਤੀਆਂ ਕਹਾਣੀਆਂ ਦੇ ਵਿੱਚ
ਨਈਓਂ ਖਿੜਦੇ ਕੰਵਲ ਵਹਿੰਦੇ ਪਾਣੀਆਂ ਦੇ ਵਿੱਚ।

ਪਿੱਛੇ ਮੁੜਕੇ ਵੇਖਣ ਦਾ ਸਮਾਂ ਕਿਸੇ ਕੋਲ ਨਈ੍ਹਂ
ਅੱਜ ਰਿਸ਼ਤਿਆਂ ਮੁਹੱਬਤਾਂ ਦਾ ਰਤਾ ਮੋਲ ਨਈ੍ਹਂ
ਦੌੜ ਪੈਸੇ ਦੀ 'ਚ ਬੰਦਾ ਹੈ ਰਵਾਨੀਆਂ ਦੇ ਵਿੱਚ।
ਨਈਓਂ ਖਿੜਦੇ ਕੰਵਲ ਵਹਿੰਦੇ ਪਾਣੀਆਂ ਦੇ ਵਿੱਚ।
ਨਈਓਂ ਖਿੜਦੇ ਕੰਵਲ... ... ... ... ... ... ... ...

ਨਾ ਉਹ ਰਹੀਆਂ ਵਫ਼ਾਵਾਂ ਨਾ ਉਹ ਯਾਰੀਆਂ 'ਚ ਜਾਨ
ਬਿਨਾਂ ਮਤਲਬੋਂ ਨਾ ਕਿਸੇ ਨੂੰ ਕਿਸੇ ਦੀ ਪਹਿਚਾਣ
ਪਿਆਰ ਵਿਕੇ ਤੋਹਫ਼ੇ, ਗਾਨੀਆਂ ਨਿਸ਼ਾਨੀਆਂ ਦੇ ਵਿੱਚ।
ਨਈਓਂ ਖਿੜਦੇ ਕੰਵਲ ਵਹਿੰਦੇ ਪਾਣੀਆਂ ਦੇ ਵਿੱਚ।
ਨਈਓਂ ਖਿੜਦੇ ਕੰਵਲ... ... ... ... ... ... ... ...

ਖਿੜੀ ਸਰ੍ਹੋਂ ਦੇ ਫੁੱਲਾਂ 'ਚ ਬੈਠ ਪੜ੍ਹਨੀ ਕਿਤਾਬ
ਗਲ ਸੱਜਣਾਂ ਨੂੰ ਲਾ ਕੇ ਕਦੀ ਵੇਖਦੇ ਸੀ ਖ਼ਾਬ
'ਕੱਲਾ ਬੈਠਾਂ ਰੁੱਤਾਂ ਸੋਹਣੀਆਂ-ਸੁਹਾਣੀਆਂ ਦੇ ਵਿੱਚ।
ਨਈਓਂ ਖਿੜਦੇ ਕੰਵਲ ਵਹਿੰਦੇ ਪਾਣੀਆਂ ਦੇ ਵਿੱਚ।
ਨਈਓਂ ਖਿੜਦੇ ਕੰਵਲ... ... ... ... ... ... ... ...

ਚੁਣ ਰਾਹਾਂ ਗਏ ਜ਼ਿੰਦਗੀ ਜੋ ਮੰਜ਼ਿਲਾਂ ਨੂੰ ਮੋੜ
ਖਲੇ ਅੱਜ ਵੀ 'ਵਿਕਾਸ' ਨੂੰ ਉਹ ਸਾਰਿਆਂ ਦੀ ਥੋੜ
ਯਾਰ ਘੁਮਦੇ ਸੀ ਮਸਤ ਜਿਹੜੇ ਢਾਣੀਆਂ ਦੇ ਵਿੱਚ।
ਨਈਓਂ ਖਿੜਦੇ ਕੰਵਲ ਵਹਿੰਦੇ ਪਾਣੀਆਂ ਦੇ ਵਿੱਚ
ਨਈਓਂ ਖਿੜਦੇ ਕੰਵਲ... ... ... ... ... ... ... ...

## ਗੀਤ

ਗ਼ਮਾਂ ਦੇ ਬਿਹੜ ਵਿ ਬੈਠ ਕੇ 'ਕੱਲਿਆਂ ਇਕ ਦਿਨ ਮੈਂ ਸੋਚਿਆ
ਕੋਇਲ ਕੂਕੇ ਕਦ ਮਰਦੀਆਂ ਸ਼ਹਿਰਾਂ ਦੀਆਂ ਖ਼ਾਮੋਸ਼ੀਆਂ

ਹੋ ਗਏ ਹਨੇਰੇ ਖ਼ਿਆਲ ਨੇ ਹੋ ਗਈ ਹਨੇਰੀ ਜ਼ਿੰਦਗੀ
ਉਹ ਬੁੱਤ ਵੀ ਖੰਡਿਤ ਹੋ ਗਏ ਕੀਤੀ ਜਿਨ੍ਹਾਂ ਦੀ ਬੰਦਗੀ
ਖ਼ਾਬਾਂ ਦੀ ਕਬਰੇ ਬੈਠ ਕੇ ਜਦੋਂ ਰੋਂਦੇ ਦਿਲ ਨੂੰ ਰੋਕਿਆ
'ਕੱਲਿਆਂ ਮੈਂ ਇਕ ਦਿਨ ... ... ...
ਕੋਇਲ ਕੂਕੇ ਕਦ ਮਰਦੀਆਂ ... ... ...

ਪਲਕਾਂ ਦੇ ਹੰਝੂ ਖਾਰੇ ਤੋਂ ਅੰਬਰ ਤੋਂ ਟੁੱਟਦੇ ਤਾਰੇ ਤੋਂ
ਕੀਕਣ ਮੁਰਾਦਾਂ ਮੰਗ ਲਵਾਂ ਮੈਂ ਖ਼ੁਦ ਨਸੀਬਾਂ ਮੇਰੇ ਤੋਂ
ਇਵੇਂ ਖ਼ਾਹਿਸ਼ਾਂ ਵੱਲ ਦੌੜਦੇ ਦਿਲ ਨੂੰ ਜਦੋਂ ਮੈਂ ਕੋਸਿਆ
'ਕੱਲਿਆਂ ਮੈਂ ਇਕ ਦਿਨ ... ... ...
ਕੋਇਲ ਕੂਕੇ ਕਦ ਮਰਦੀਆਂ ... ... ...

ਰਹਿ ਪਲ ਦੋ ਪਲ ਮੁੜ ਜਾਣੀਆਂ ਖੁਸ਼ੀਆਂ ਨੇ ਚੰਦ ਮਰਜਾਣੀਆਂ
ਫਿਰ ਕੋਲ ਰਹਿ ਜਾਣਾ 'ਵਿਕਾਸ' ਅੱਖੀਆਂ ਦੇ ਖਾਰੇ ਪਾਣੀਆਂ
ਚਲ ਆ ਦਿਲਾ ਗਲ ਲਾ ਲਈਏ ਤਨਹਾਈਆਂ ਨਾਮੋਸ਼ੀਆ
'ਕੱਲਿਆਂ ਮੈਂ ਇਕ ਦਿਨ ... ... ...
ਕੋਇਲ ਕੂਕੇ ਕਦ ਮਰਦੀਆਂ ... ... ...

•♣•

## ਗੀਤ

ਗੁਰੂਆਂ, ਪੀਰਾਂ-ਫ਼ਕੀਰਾਂ ਦੀ ਬਾਣੀ ਜਿਸਦਾ ਆਧਾਰ,
ਪੰਜਾਬ ਸਭਿਆਚਾਰ।
ਰਸਮ ਰਿਵਾਜ਼ਾਂ, ਮਿੱਠੀ ਬੋਲੀ ਦੇ ਵਿਚ ਰਚਿਆ ਪਿਆਰ,
ਪੰਜਾਬੀ ਸਭਿਆਚਾਰ।

ਪਾਕ ਪਵਿੱਤਰ ਧਰਤੀ ਜਿੱਥੇ ਗੁਰੂ ਨਾਨਕ ਅਵਤਾਰੇ,
ਲੋੜ ਪਈ ਤਾਂ ਬਾਜਾਂ ਵਾਲਿਆਂ ਸਾਜੇ ਪੰਜ ਪਿਆਰੇ,
ਤਿਲਕ-ਜੰਜੂ ਦੀ ਰੱਖਿਆ ਖ਼ਾਤਿਰ ਹੱਥ ਫੜੀ ਤਲਵਾਰ,
ਪੰਜਾਬੀ ਸਭਿਆਚਾਰ।

ਕਿਲ੍ਹੇ ਰਾਇਪੁਰ ਅੱਜ ਵੀ ਪੇਂਡੂ ਖੇਡਾਂ ਜਾਨ ਕਰਾਈਆਂ,
ਘੋਲ, ਕਬੱਡੀ ਤੇ ਬੈਲਾਂ ਦੀਆਂ ਦੌੜਾਂ ਜਾਨ ਲਵਾਈਆਂ,
ਹਿੱਕ ਦੇ ਜ਼ੋਰ 'ਤੇ ਬਾਜ਼ੀ ਜਿੱਤਦੇ ਅਣਖੀਲੇ ਸਰਦਾਰ,
ਪੰਜਾਬੀ ਸਭਿਆਚਾਰ।

ਬੇਸ਼ਕ ਪੱਛਮ ਦੇ ਫੈਸ਼ਨ ਵਿੱਚ ਰੰਗ ਗਈ ਦੁਨੀਆਂ ਸਾਰੀ,
ਪਿੰਡ 'ਵਿਕਾਸ' ਦੇ ਅੱਜ ਵੀ ਕੁੜੀਆਂ ਸਿਰ 'ਤੇ ਲੈਣ ਫੁੱਲਕਾਰੀ,
ਉੱਚੇ ਅਹੁਦਿਆਂ 'ਤੇ ਜਾ ਬੈਠੀ ਦੇਸ਼ ਮੇਰੇ ਦੀ ਨਾਰ,
ਪੰਜਾਬੀ ਸਭਿਆਚਾਰ।

## ਗੀਤ

ਹੋ ਗਿਆ ਗੁਲਾਬੀ ਰੰਗ, ਰੁੱਤ ਮੁਟਿਆਰ ਦਾ।
ਆ ਗਈ ਏ ਹੋਲੀ ਸੁਨੇਹਾ ਲੈ ਕੇ ਪਿਆਰ ਦਾ।

ਘੁਲ-ਮਿਲ ਫ਼ਿਜ਼ਾ 'ਚ ਗਏ ਸੱਤ ਰੰਗੀ ਰੰਗ ਨੇ,
ਖੇਡ ਰਹੇ ਹੋਲੀ ਯਾਰ ਯਾਰਾਂ ਦੇ ਸੰਗ ਨੇ,
ਸੱਚੀਆਂ ਮੁਹੱਬਤਾਂ ਦਾ ਦਿਨ ਇਜ਼ਹਾਰ ਦਾ।

ਕਲੀਆਂ ਨੇ ਮਹਿਕਾਂ ਦੀ ਭਰੀ ਪਿਚਕਰੀ ਹੈ,
ਭੌਰਿਆਂ ਸ਼ਰਾਰਤਾਂ ਦੀ ਕਰ ਲਈ ਤਿਆਰੀ ਹੈ,
ਕਿੰਨਾਂ ਸੋਹਣਾ ਬਣਿਆ ਨਜ਼ਾਰਾ ਏ ਬਹਾਰ ਦਾ।

ਭੁੱਲ ਗਏ ਨੇ ਵੈਰ, ਵੈਰੀ ਆ ਕੇ ਗਲੇ ਮਿਲ ਗਏ,
ਵੇਖੋ ਕਿੱਦਾਂ ਸਾਰਿਆਂ ਦੇ ਚਿਹਰੇ ਨੇ ਖਿਲ ਗਏ,
ਨਫ਼ਰਤਾਂ ਨੂੰ ਲਾ ਕੇ ਅੱਗ ਕੌਲ ਕੀਤਾ ਪਿਆਰ ਦਾ।

ਬਰਫੀਲੀ ਚੋਟੀਆਂ ਨੇ ਧੁੱਪ ਗਲੇ ਲਾ ਲਈ,
ਨਦੀਆਂ ਨੇ ਲਹਿਰਾਂ ਦੀ ਝਾਂਜਰ ਹੈ ਪਾ ਲਈ,
ਆ ਗਿਆ ਏ ਵਾਦੀਆਂ ਦਾ ਦਿਨ ਸ਼ਿਗਾਰ ਦਾ।

ਬੱਚੇ, ਵੱਡੇ ਸਾਰੇ ਅੱਜ ਮਸਤੀ 'ਚ ਚੂਰ ਨੇ,
ਰੰਗਾਂ ਵਿਚ ਰੰਗਣੇ ਨੂੰ ਸਭ ਮਜਬੂਰ ਨੇ,
ਹੋਲੀ ਹੈ ਜੀ ਹੋਲੀ ਹੈ, 'ਵਿਕਾਸ' ਵੀ ਪੁਕਾਰਦਾ।

•♣•

## ਗੀਤ

ਮਿਹਰਾਂ ਵਾਲਿਆ ਮਿਹਰ ਕਰੀਂ, ਕਦੇ ਲੱਗੇ ਨਾ ਤੱਤੀ ਵਾ,
ਅਮਨ-ਪਿਆਰ, ਖ਼ੁਸ਼ਹਾਲੀ ਬਖ਼ਸ਼ੀਂ, ਖ਼ੁਸ਼ੀਆਂ ਦੂਣ ਸਵਾ,
ਇਹ ਧਰਤੀ ਪੰਜ ਦਰਿਆਵਾਂ ਦੀ।
ਇਹ ਧਰਤੀ ਠੰਡੀਆਂ ਛਾਵਾਂ ਦੀ।

ਨਾਨਕ ਦੇ ਮਿੱਠੇ ਬੋਲਾਂ ਦੀ ਮਿੱਟੀ ਵਿੱਚ ਖ਼ੁਸ਼ਬੋਈ,
ਤੜਕ ਸਵੇਰੇ ਘੁਲੇ ਹਵਾ ਵਿਚ ਬਾਣੀ ਦੀ ਅਰਜ਼ੋਈ,
ਘਰ ਆ ਗਏ ਦਾ ਆਦਰ ਕਰਦੇ ਲੋਕੀਂ ਸੀਸ ਨਿਵਾ,
ਇਹ ਧਰਤੀ ਪੰਜ ਦਰਿਆਵਾਂ ਦੀ।
ਇਹ ਧਰਤੀ ਠੰਡੀਆਂ ਛਾਵਾਂ ਦੀ।

ਬਾਗਾਂ ਦੇ ਵਿਚ ਕੋਇਲ ਕੂਕੇ, ਖੇਤਾਂ ਵਿਚ ਮੁਟਿਆਰਾਂ,
ਰਹਿਣ ਸਲਾਮਤ ਗਿੱਧੇ-ਭੰਗੜੇ, ਤੀਆਂ ਨਾਲ ਬਹਾਰਾਂ,
ਆਏ ਵਿਸਾਖੀ ਗੱਭਰੂ ਨੱਚਦੇ, ਮੇਲੇ ਢੋਲ ਵਜਾ,
ਇਹ ਧਰਤੀ ਪੰਜ ਦਰਿਆਵਾਂ ਦੀ।
ਇਹ ਧਰਤੀ ਠੰਡੀਆਂ ਛਾਵਾਂ ਦੀ।

ਡਫਲੀ, ਵੰਝਲੀ ਤੇ ਝਾਂਜਰ ਦੇ ਰਿਸ਼ਤੇ ਬਹੁਤ ਪੁਰਾਣੇ,
ਸੱਥ ਵਿੱਚ ਬੈਠ ਬਜ਼ੁਰਗਾਂ ਕੋਲੋਂ, ਕਿੱਸੇ ਸੁਨਣ ਨਿਆਣੇ,
ਅੱਜ ਵੀ ਨੂੰਹਾਂ-ਧੀਆਂ ਅੰਦਰ,ਜਿਊਂਦੀ ਸ਼ਰਮ-ਹਜ਼ਾ,
ਇਹ ਧਰਤੀ ਪੰਜ ਦਰਿਆਵਾਂ ਦੀ।
ਇਹ ਧਰਤੀ ਠੰਡੀਆਂ ਛਾਵਾਂ ਦੀ।

ਮਾਂ ਦੇ ਹੱਥ ਦੀ ਮਿੱਠੀ ਚੂਰੀ, ਹਰ ਇਕ ਬੱਚਾ ਖਾਏ,
ਦੇਸ਼ ਮੇਰੇ ਦਾ ਵਾਸੀ ਕੋਈ, ਭੁੱਖਾ ਨਾ ਸੌਂ ਜਾਏ,
ਨਸ਼ੇ-ਪੱਤੇ ਤੋਂ ਬਚੇ ਜਵਾਨੀ, ਕਰੇ 'ਵਿਕਾਸ' ਦੁਆ,
ਇਹ ਧਰਤੀ ਪੰਜ ਦਰਿਆਵਾਂ ਦੀ।
ਇਹ ਧਰਤੀ ਠੰਡੀਆਂ ਛਾਵਾਂ ਦੀ।

## ਗੀਤ

ਪਿਪਲੀ ਪੀਂਘਾਂ ਲੈਣ ਹੁਲਾਰੇ, ਸਾਉਣ ਮਹੀਨਾ ਆਇਆ ਹੈ,
ਠੰਡੇ-ਠੰਡੇ ਪੈਣ ਫੁਹਾਰੇ, ਸਾਉਣ ਮਹੀਨਾ ਆਇਆ ਹੈ।

ਸੂਰਜ ਨੂੰ ਗਲਵਕੜੀ ਲੈ ਕੇ, ਉਸ ਦੇ ਮੁੱਖ ’ਤੇ ਚੁੰਮਣ ਪਾ ਕੇ,
ਤੱਤੀ ਲੂ ਨੂੰ ਸੀਤ ਬਣਾ ਕੇ, ਧੁੱਪ ਦੀਆਂ ਲਿਸ਼ਕਾਂ ਨੂੰ ਗਹਿਰਾ ਕੇ,
ਰੁੱਤ ਕੁੜੀ ਨੇ ਵਾਲ ਖਿਲਾਰੇ, ਸਾਉਣ ਮਹੀਨਾ ਆਇਆ ਹੈ।

ਅੰਬਰ ਨਾਲ ਮਿਲੀ ਹੈ ਧਰਤੀ, ਮਿੱਟੀ ਮਹਿਕੀ-ਮਹਿਕੀ ਹੈ,
ਕੋਇਲ ਕੂਕੇ, ਗਾਏ ਪਪੀਹਾ, ਸ੍ਰਿਸ਼ਟੀ ਬਹਿਕੀ-ਬਹਿਕੀ ਹੈ,
ਦਰਿਆਵਾਂ ਦੇ ਹੜ੍ਹੇ ਕਿਨਾਰੇ, ਸਾਉਣ ਮਹੀਨਾ ਆਇਆ ਹੈ।

ਉੱਗਦੀ ਸ਼ਾਮ ਦੇ ਮੱਥੇ ਉੱਤੇ, ਸਤਰੰਗੀ ਜਦ ਪੀਂਘ ਹੈ ਪੈਂਦੀ,
ਅਲ੍ਹੜ ਮਨ ਵਿਚ ਖ਼ਾਬ ਜਾਗਦੇ, ਅੱਖਾਂ ਦੇ ਵਿਚ ਨੀਂਦ ਨਾ ਪੈਂਦੀ,
ਸੱਜਣ ਢੂੰਡਣ ਨੈਣ ਕੁਆਰੇ, ਸਾਉਣ ਮਹੀਨਾ ਆਇਆ ਹੈ।

ਗਲੀਆਂ ਨਦੀਆਂ ਬਣ ਗਈਆਂ ਨੇ, ਛੱਪੜ ਬਣੇ ਸਮੁੰਦਰ ਨੇ,
ਨਾਵ੍ਹਣ, ਖੇਡਣ, ਲੈਣ ਛੜੱਪੇ ਬੱਚੇ ਸੁੰਦਰ-ਸੁੰਦਰ ਨੇ,
ਕਰਨ ਸ਼ਰਾਰਤ ਲੱਗਣ ਪਿਆਰੇ, ਸਾਉਣ ਮਹੀਨਾ ਆਇਆ ਹੈ।

ਮਾਲ੍ਹ ਪੂੜੇ ਤੇ ਖੀਰਾਂ ਵਾਲੀ, ਚੌਂਕੇ ’ਚੋਂ ਖੁਸ਼ਬੋਈ ਆਏ,
ਪੂੜੇ ਪੱਕਣ ਬਣਨ ਪਕੌੜੇ ਜੀਭ ਹੈ ਸਭ ਦੀ ਚੋਈ ਜਾਏ,
ਖੱਟੀ ਚਟਣੀ ਦੇ ਚਟਕਾਰੇ, ਸਾਉਣ ਮਹੀਨਾ ਆਇਆ ਹੈ।

ਪਹਾੜਾਂ ਦੀ ਪਗਡੰਡੀ ਉੱਤੇ ਸਿੱਲ੍ਹੀ-ਸਿੱਲ੍ਹੀ ਸ਼ਾਮ ਦਾ ਡੇਰਾ,
ਧੁੰਦਲੇ-ਧੁੰਦਲੇ ਜੰਗਲਾਂ ਦੇ ਵਿਚ ਉਜਲਾ-ਉਜਲਾ ਹੋਏ ਸਵੇਰਾ,
‘ਵਿਕਾਸ’ ਕਹੇ ਸਭ ਲਵੋ ਨਜ਼ਾਰੇ, ਸਾਉਣ ਮਹੀਨਾ ਆਇਆ ਹੈ।

## ਗੀਤ

ਮੇਰੇ ਦਿਲ ਦੀ ਹਰ ਗਲੀ, ਬੜੀ ਉਦਾਸ ਹੈ,
ਖ਼ਾਬਾਂ ਦੇ ਹੋਠਾਂ ਉੱਪਰ, ਰੌਸ਼ਨੀ ਉਦਾਸ ਹੈ,
ਪਿਆਰ ਦਾ ਕੋਈ ਤਲਿਸਮੀ ਚਿਰਾਗ਼ ਕਿਵੇਂ ਜਲ ਉੱਠੇ,
ਨਾ ਕੋਈ ਉਮੀਦ ਹੈ, ਨਾ ਕਿਸੇ 'ਤੇ ਆਸ ਹੈ।

ਮੇਰੇ ਦਿਲ ਦੀ ਹਰ ਗਲੀ, ਹਸਰਤਾਂ ਅਧਮੋਈਆਂ,
ਕੌਣ ਆਏ ਤੇ ਪਿਆਏ, ਇਹਨਾਂ ਨੂੰ ਖ਼ੁਸ਼ਬੋਈਆਂ,
ਸ਼ਬਨਮੀ ਪਲਕਾਂ ਦੇ ਸਾਏ, ਕੌਣ ਦੇਵੇਗਾ ਵੇ ਹਾਏ,
ਨਾ ਕੋਈ ਉਮੀਦ ਹੈ, ਨਾ ਕਿਸੇ 'ਤੇ ਆਸ ਹੈ।

ਚਹੁੰ ਪਾਸੇ ਨੇਰ੍ਹ ਘੁੱਪ, ਜੁਗਨੂੰਆਂ ਦੀ ਵੀ ਲੋਅ ਨਹੀਂ,
ਤਨਹਾ ਸਾਇਆ ਫਿਰਦਾ ਮੇਰਾ, ਸਾਏ ਵੀ ਕੋਈ ਦੋ ਨਹੀਂ,
ਹਮਸਫ਼ਰ ਬਣ ਕੇ ਕੋਈ, ਕਿੰਝ ਪੈਰ ਮੇਰੇ ਚੁੰਮ ਲਵੇ,
ਵੀਰਾਨਿਆਂ ਨਾਲ ਯਾਰੀ, ਮੇਰੇ ਲੇਖਾਂ ਵਿਚ ਬਨਵਾਸ ਹੈ,
ਨਾ ਕੋਈ ਉਮੀਦ ਹੈ, ਨਾ ਕਿਸੇ 'ਤੇ ਆਸ ਹੈ।

ਖ਼ਾਮੋਸ਼ੀਆਂ ਦੀ ਕਬਰ 'ਤੇ, ਫੁੱਲ ਹਾਸਿਆਂ ਦੇ ਧਰ ਦੇਵੇ,
ਪੱਤਝੜਾਂ ਦਾ ਠਾਰ ਸਾਉਣ ਦੀਆਂ, ਫੁਹਾਰਾਂ ਕਰ ਦੇਵੇ,
ਦਿਲ ਦੇ ਵੀਰਾਨੇ 'ਚ ਕੋਈ, ਰੰਗ ਨਵੇਂ ਭਰ ਦੇਵੇ,
ਦੂਰ ਤੱਕ ਦਿੱਸਦਾ ਨਾ ਕੋਈ, ਮਨ ਬੜਾ ਬੇ-ਆਸ ਹੈ,
ਨਾ ਕੋਈ ਉਮੀਦ ਹੈ, ਨਾ ਕਿਸੇ 'ਤੇ ਆਸ ਹੈ।
ਮੇਰੇ ਦਿਲ ਦੀ ਹਰ ਗਲੀ, ਬੜੀ ਉਦਾਸ ਹੈ,

•♣•

## ਗੀਤ

ਮੰਜ਼ਿਲਾਂ 'ਤੇ ਪੁੱਜ ਉਨ੍ਹਾਂ ਰਾਹਾਂ ਨੂੰ ਭੁਲਾਓ ਨਾ
ਜਿਹੜੀਆਂ ਰਾਹਾਂ ਨੇ ਹੋਵੇ ਮੰਜ਼ਿਲਾਂ 'ਤੇ ਖੜਿਆ
ਨਿੱਤ ਉਸ ਥੜ੍ਹੇ ਨੂੰ ਨਿਵਾਓ ਸੀਸ ਰੱਜ-ਰੱਜ
ਜਿੱਥੋਂ ਕਾਮਯਾਬੀ ਵੱਲ ਪੈਰ ਪਹਿਲਾ ਧਰਿਆ

ਤਪਦੀ ਦੁਪਹਿਰਾਂ ਵਿੱਚ ਕੀਤੀ ਜਿਨ੍ਹੇ ਛਾਂ ਹੋਵੇ
ਰੁੱਖ ਕੋਈ ਜਾਂ ਉਹ ਫਿਰ ਭੋਲੀ ਜਿਹੀ ਮਾਂ ਹੋਵੇ
ਬਣ ਕੇ ਸਹਾਰਾ ਜਿੰਨ੍ਹੇ, ਜ਼ਿੰਦਗੀ ਦੀ ਰਾਹਾਂ ਵਿੱਚ
ਠੋਕਰਾਂ ਦੇ ਵੇਲੇ ਆ ਕੇ ਹੱਥ ਹੋਵੇ ਫੜਿਆ
ਨਿੱਤ ਉਸ ਥੜ੍ਹੇ ਨੂੰ … … …

ਮਿੱਤਰ ਪਿਆਰੇ ਜਿਹੜੇ ਤੁਰੇ ਨਾਲ-ਨਾਲ ਹੋਣ
ਪਲ ਉਹ ਸੁਹਾਣੇ ਜਿਹੜੇ ਜੁੜੇ ਰਾਹਾਂ ਨਾਲ ਹੋਣ
ਰੱਖੇ ਅਹਿਸਾਨ ਜਿਨ੍ਹੇ ਚੇਤੇ ਹੋਣ ਸਾਰਿਆਂ ਦੇ
ਬਣ ਕੇ ਸਿਤਾਰਾ ਉਹੀ ਅੰਬਰਾਂ 'ਤੇ ਚੜਿਆ
ਨਿੱਤ ਉਸ ਥੜ੍ਹੇ ਨੂੰ … … …

ਆ ਕੇ ਇਸ ਦੁਨੀਆਂ 'ਚ ਵੰਡਦਾ ਜੋ ਪਿਆਰ ਸਦਾ
ਮੰਗਦਾ ਜੋ ਰੱਬ ਕੋਲੋਂ ਸਾਰਿਆਂ ਦੀ ਖੈਰ ਸਦਾ
ਸਾਰਿਆਂ ਦੇ ਦਿਲ ਵਿੱਚ ਜਿੰਦਾ ਰਹਿੰਦੀ ਯਾਦ ਉਹਦੀ
'ਵਿਕਾਸ' ਜੋ ਬੁਰਾਈਆਂ ਨਾਲ ਸਦਾ ਹੋਏ ਲੜਿਆ
ਨਿੱਤ ਉਸ ਥੜ੍ਹੇ ਨੂੰ … … …

## ਗੀਤ

ਢਲਦੇ ਸੂਰਜ ਵਾਂਗ ਪਲ-ਪਲ ਢਲ ਰਹੀ ਹੈ
ਸੋਚਾਂ ਦੇ ਸਿਵਿਆਂ 'ਚ ਪਲ-ਪਲ ਬਲ ਰਹੀ ਹੈ

ਸੇਕ ਸਾਹਾਂ ਦਾ ਵੀ ਠਰਦਾ ਜਾ ਰਿਹਾ ਹੈ
ਜਿਸਮ ਭੋਰਾ-ਭੋਰਾ ਖੁਰਦਾ ਜਾ ਰਿਹਾ ਹੈ
ਇਕ ਕਮੀ ਤੇਰੀ ਹੀ ਮੈਨੂੰ ਖਲ ਰਹੀ ਹੈ
ਸੋਚਾਂ ਦੇ ਸਿਵਿਆਂ 'ਚ ... ... ...

ਜਿਉਂ ਤੂਫ਼ਾਨਾਂ ਬਾਅਦ ਸੌਂ ਜਾਂਦਾ ਸਮੁੰਦਰ
ਕੁਝ ਅਜਿਹਾ ਹੈ ਮੇਰੇ ਅਹਿਸਾਸ ਅੰਦਰ
ਇਕ ਉਮਰ ਤੱਕ ਜ਼ਿੰਦੀ 'ਚ ਵੀ ਹਲਚਲ ਰਹੀ ਹੈ
ਸੋਚਾਂ ਦੇ ਸਿਵਿਆਂ 'ਚ ... ... ...

ਬੇਸ਼ਕ ਤੂੰ ਸਾਥੋਂ ਦੂਰ ਜਾ ਕੇ ਜਾ ਨੀ ਵੱਸ ਜਾ
ਕਿਉਂ ਪਿਆਰ ਨਫ਼ਰਤ ਹੋ ਗਿਆ ਇਕ ਵਾਰ ਦੱਸ ਜਾ
ਕੋਈ ਵਜਹ ਕੋਈ ਕਮੀ ਚੇ ਕੋਈ ਗਲ ਰਹੀ ਹੈ
ਸੋਚਾਂ ਦੇ ਸਿਵਿਆਂ 'ਚ ... ... ...

ਕਿਸ ਨੂੰ ਅਰਪਨ ਕਰ ਦਵਾਂ ਮੈਂ ਦਰਦ ਸਾਰੇ
ਕਿਸ ਦੀ ਝੋਲੀ ਪਾ ਦਵਾਂ ਧੁਖਦੇ ਅੰਗਾਰੇ
ਇਹੀ ਭਟਕਣਾ ਰੂਹ 'ਵਿਕਾਸ' ਦੀ ਨੂੰ ਛੱਲ ਰਹੀ ਹੈ
ਸੋਚਾਂ ਦੇ ਸਿਵਿਆਂ 'ਚ ... ... ...

•♣•

## ਗੀਤ

ਗਰਜਾਂ ਦੀ ਇਸ ਦੁਨੀਆਂ ਦੇ ਵਿਚ ਖ਼ਾਬ ਅਧੂਰੇ ਰਹਿ ਜਾਂਦੇ ਨੇ
ਕਤਰਾ-ਕਤਰਾ ਹੰਝੂ ਬਣ ਕੇ ਅੱਖੀਆਂ ਵਿੱਚੋਂ ਵਹਿ ਜਾਂਦੇ ਨੇ
ਉਮਰਾਂ ਤਾਈਂ ਕੌਣ ਨਿਭਾਉਂਦਾ ਦਿਲ ਦੇ ਰਿਸ਼ਤੇ ਇਸ ਦੁਨੀਆਂ ਵਿਚ
ਆਪਣੀ-ਆਪਣੀ ਆਉਣ 'ਤੇ ਮੰਜ਼ਿਲ ਅਲਵਿਦਾ ਸਭ ਕਹਿ ਜਾਂਦੇ ਨੇ

ਅਲੜ੍ਹਪੁਣੇ ਦੇ ਸ਼ੋਰ-ਸ਼ਰਾਬੇ ਕੁਝ ਬਚਪਨ ਦੇ ਹਾਸੇ-ਖੇੜੇ
ਦਿਲ ਦੇ ਮਹਿਰਮ ਸੱਜਣ-ਸਾਥੀ ਜਾਨੋਂ ਪਿਆਰੇ ਵੀ ਕੁਝ ਚਿਹਰੇ
ਬੰਦ ਕਿਤਾਬਾਂ ਦੇ ਵਿੱਚ ਸੁੱਕੇ ਫੁੱਲਾਂ ਵਾਕਣ ਰਹਿ ਜਾਂਦੇ ਨੇ
ਆਪਣੀ-ਆਪਣੀ ਆਉਣ 'ਤੇ ... ... ...

ਕਦ ਤੱਕ ਮਾਰ ਤੂਫ਼ਾਨਾਂ ਦੀ ਫੁੱਲ ਹੱਸਦੇ-ਹੱਸਦੇ ਸਹਿ ਸਕਦੇ ਨੇ
ਰੇਤ ਦੇ ਕੱਚੇ ਘਰ ਵਿਚ ਸੁਪਨੇ ਗਤ ਤੱਕ ਜਿੰਦਾ ਰਹਿ ਸਕਦੇ ਨੇ
ਆਂਦੀ-ਜਾਂਦੀ ਲਹਿਰਾਂ ਦੇ ਨਾਲ ਭੋਰਾ-ਭੋਰਾ ਢਹਿ ਜਾਂਦੇ ਨੇ
ਆਪਣੀ-ਆਪਣੀ ਆਉਣ 'ਤੇ ... ... ...

ਰਹਿਣ ਖ਼ਿਆਲਾਂ ਦੇ ਵਿੱਚ ਸੁਲਗਦੇ 'ਵਿਕਾਸ' ਜਿਹੜੇ ਸੱਜਣਾਂ ਦੇ ਸਾਏ
ਅਨਜਾਣੇ ਬਣ ਲੰਘ ਜਾਣ ਕੋਲੋਂ ਫਿਰ ਕੋਈ ਦਿਲ ਨੂੰ ਕਿੰਝ ਸਮਝਾਏ
ਆਂਦੇ-ਜਾਂਦੇ ਰਾਹ ਕਿਸੇ ਵਿੱਚ ਜਦ ਮੋੜੇ ਕਿਤੇ ਖਹਿ ਜਾਂਦੇ ਨੇ
ਆਪਣੀ-ਆਪਣੀ ਆਉਣ 'ਤੇ ... ... ...

•♣•

## ਗੀਤ

ਕੁਝ ਦਿਨ ਤਾਂ ਮੇਰੇ ਸ਼ਹਿਰ ’ਚ ਮਹਿਮਾਨ ਬਣ ਕੇ ਆ,
ਫੁੱਲਾਂ ਦੀ ਤਰ੍ਹਾਂ ਮਹਿਕਦਾ ਅਰਮਾਨ ਬਣ ਕੇ ਆ,
ਤੇਰੇ ਬਿਨਾਂ ਕੋਈ ਗੀਤ ਹੁਣ ਲਿਖਿਆ ਨਹੀਂ ਜਾਏ,
ਤੂੰ ਫੇਰ ਸੱਜਰੇ ਦਰਦ ਦਾ ਉਨਵਾਨ ਬਣ ਕੇ ਆ।

ਮਹਿੰਦੀ ਲੱਗੀ ਤੇਰੀ ਤਲੀਆਂ ਦੀ ਰੰਗਤ ਤਾਂ ਵੇਖ ਲਾਂ
ਕੁਝ ਤਾਂ ਤੇਰੇ ਰੂਪ ਦੀ ਮੈਂ ਤਾਬ ਸੇਕ ਲਾਂ
ਮੇਰੀ ਜ਼ਿੰਦਗੀ ’ਚ ਮੁੜ ਕੋਈ ਅਹਿਸਾਨ ਬਣ ਕੇ ਆ।
ਕੁਝ ਦਿਨ ਤਾਂ ... ... ...

ਚਾਹੇ ਉਜਾੜ ਜਾਵੀਂ ਮੇਰੇ ਦਿਲ ਦੇ ਸਾਰੇ ਖ਼ਾਬ,
ਦੁੱਖਾਂ ਦੀ ਅੱਜ ’ਚ ਸਾੜ ਕਰੀਂ ਜ਼ਿੰਦਗੀ ਖਰਾਬ,
ਤੂੰ ਦੋਸਤ ਨਹੀਂ ਤਾਂ ਕੋਈ ਬੇਈਮਾਨ ਬਣ ਕੇ ਆ।
ਕੁਝ ਦਿਨ ਤਾਂ ... ... ...

ਆ ਜਾ ਕਿ ਮਹਿਕ ਜਾਣ ਇਹ ਕੁਝ ਆਖਰੀ ਨੇ ਸਾਹ,
ਅੱਖੀਆਂ ਵੀ ਥੱਕ ਗਈਆਂ ਨੇ ਤੇਰੇ ਵੇਖ ਵੇਖ ਰਾਹ,
ਮੇਰੇ ਗੀਤ ਬਣ ਕੇ ਆ ਮੇਰੀ ਪਹਿਚਾਣ ਬਣ ਕੇ ਆ।
ਕੁਝ ਦਿਨ ਤਾਂ ... ... ...

ਤੂੰ ਆਵੀਂ ਜਾਂ ਨਾ ਆਵੀਂ ਇਹ ਤੇਰਾ ਈਮਾਨ ਹੈ,
ਤੈਨੂੰ ਉਮਰ ਭਰ ਉਡੀਕਾਂਗਾ ਮੇਰੀ ਜ਼ੁਬਾਨ ਹੈ,
ਮੇਰੇ ਬੇਜਾਨ ਜਿਸਮ ’ਚ ਤੂੰ ਜਾਨ ਬਣ ਕੇ ਆ।
ਕੁਝ ਦਿਨ ਤਾਂ ... ... ...

ਦਿਲ ਦੀ ਜ਼ਮੀਂ ‘ਵਿਕਾਸ’ ਨੇ ਪਾੜਾਂ ਨੇ ਬੀਜੀਆਂ,
ਹੁਣ ਮੌਤ ਦੀ ਉਡੀਕ ’ਚ ਅੱਖੀਆਂ ਨੇ ਮੀਚੀਆਂ,
ਜ਼ਿੰਦਗੀ ਨਹੀਂ ਤਾਂ ਮੌਤ ਦਾ ਫ਼ਰਮਾਨ ਬਣ ਕੇ ਆ।
ਕੁਝ ਦਿਨ ਤਾਂ ... ... ...

•♣•

## ਗੀਤ

ਉਹ ਹੀ ਖੁਸ਼ੀਆਂ ਉਹ ਹੀ ਮੰਜ਼ਿਲ,
ਉਹ ਹੀ ਖ਼ਾਬਾਂ ਦੀ ਹੱਦ ਹੈ,
ਉਹ ਮੇਰੀ ਜ਼ਿੰਦਗੀ ਦਾ ਕੜਵਾ ਸੱਚ ਹੈ

ਨੀਰ ਬਿਨਾਂ ਕਿਸੇ ਦਰਿਆ ਵਾਕਣ ਠਹਿਰਾ-ਠਹਿਰਾ,
ਭਟਕ ਰਿਹਾ ਹਾਂ ਮੈਂ ਪਿਆਸਾ ਸਹਿਰਾ-ਸਹਿਰਾ,
ਹੋਠੀਂ ਬਲਦੀ ਦਿਲ ਨੂੰ ਛੱਲਦੀ, ਉਸਦੇ ਚੁੰਮਣ ਦੀ ਅੱਗ ਹੈ।

ਜਦ ਵੀ ਦਿਲ ਵਿਚ ਜ਼ਖ਼ਮ ਹਿਜ਼ਰ ਦਾ ਰਿਸਦਾ ਮੇਰਾ,
ਹਰ ਕਤਰੇ ਵਿਚ ਦਿਸਦਾ ਮੈਨੂੰ ਉਸਦਾ ਚਿਹਰਾ,
ਕਰਾਂ ਸਿੱਜਦਾ ਰੋਜ਼ ਉਸਦਾ, ਉਹ ਮੇਰੇ ਦਿਲ ਦਾ ਰੱਬ ਹੈ।

ਹਰ ਪਾਸੇ ਵੀਰਾਨੀ ਹੀ ਵੀਰਾਨੀ ਯਾਰੋ,
ਇਸ਼ਕ ਮੇਰੇ ਦੀ ਕੈਸੀ ਅਜਬ ਕਹਾਣੀ ਯਾਰੋ,
ਯਾਰਾਂ ਬਾਝੋਂ ਜੀ ਨਾ ਲੱਗਦਾ, ਕੀ ਕਰਨਾ ਇਹ ਜਗ ਹੈ।

•♣•

## ਗੀਤ

ਇਹ ਸਾਡੇ ਰਹਿਨੁਮਾਵਾਂ ਦੀ ਸਾਡੇ 'ਤੇ ਰਹਿਨੁਮਾਈ ਹੈ,
ਇਹ ਸਾਡੇ ਹਿੱਸੇ ਆਏ ਜਿਹੜੇ ਦਰਦ ਤੇ ਤਨਹਾਈ ਹੈ।

ਲੈ ਜਾਣਾ ਅੱਜ ਜੀਕਣ ਇਨ੍ਹਾਂ ਸਾਰੇ ਗ਼ਮਾਂ ਨੂੰ ਰੋੜ ਕੇ,
ਅੱਖੀਆਂ 'ਚੋਂ ਇੰਝ ਹੰਝੂ ਕਿਰਨ ਪਲਕਾਂ ਦੇ ਬੂਹੇ ਤੋੜ ਕੇ,
ਵਰਿਆਂ ਦੀ ਉਮਰ ਕੈਦ ਤੋਂ ਖ਼ਾਬਾਂ ਦੀ ਜਿਵੇਂ ਰਿਹਾਈ ਹੈ।

ਕਿੰਝ ਕੇਸ ਖੁੱਲ੍ਹੇ ਛੱਡ ਕੇ ਪੀੜਾਂ ਦਿਲ ਦੇ ਬੂਹੇ ਬੈਠੀਆਂ,
ਸਭ ਦੀ ਜ਼ੁਬਾਂ ਖ਼ਾਮੋਸ਼ ਹੈ ਚਿਹਰੇ 'ਤੇ ਨੇ ਉਦਾਸੀਆਂ,
ਕੋਈ ਰੀਝ ਟੁੱਟੇ ਖ਼ਾਬ ਦੀ ਜਿਵੇਂ ਲਾਸ਼ ਲੈ ਕੇ ਆਈ ਹੈ।

ਜੀ ਕਰਦਾ ਏ ਕਿ ਲਿਖ ਦਵਾਂ ਗੀਤਾਂ 'ਚ ਉਸਦੇ ਨਾਮ ਨੂੰ,
ਮੈਂ ਬੇਨਕਾਬ ਕਰ ਦਵਾਂ ਪਰਦੇ 'ਚੋਂ ਉਸ ਇਨਸਾਨ ਨੂੰ,
ਹੱਥ ਜੋੜ ਕੇ ਚੁੱਪ ਰਹਿਣ ਦੀ ਜੋ ਦੇ ਗਿਆ ਦੁਹਾਈ ਹੈ।

•♣•

## ਗੀਤ

ਇੱਕ ਗ਼ਮ ਹੋਵੇ ਤੇ ਮੈਂ ਦੱਸ ਦਵਾਂ ਬੋਲ ਕੇ
ਜ਼ਿੰਦਗੀ 'ਚ ਗ਼ਮ ਨੇ ਹਜ਼ਾਰ ਨੀ,
ਦੁੱਖਾਂ ਦੀ ਡਗਰ ਹਾਂ ਮੈਂ ਲੰਘ ਜਾ ਤੂੰ ਪਰਿਉਂ ਦੀ
ਕਰ ਨਾ ਤੂੰ ਸਾਡੇ ਨਾਲ ਪਿਆਰ ਨੀ।

ਸਾਨੂੰ ਨਾ ਵਸਾਈਂ ਸੁਣ ਅੱਖੀਆਂ 'ਚ ਝੱਲੀਏ ਨੀ
ਹੰਝੂ ਬਣ ਅਸਾਂ ਵਹਿ ਜਾਣਾ ਏ,
ਸਾਡਾ ਕੀ ਭਰੋਸਾ ਜਿੰਦ ਜਾਨੀਆਂ ਅਸਾਂ ਵੇ ਕਦੋਂ
ਜੱਗ ਨੂੰ ਸਲਾਮ ਕਹਿ ਜਾਣਾ ਏ,
ਜ਼ਿੰਦਗੀ ਤੋਂ ਖਾਂਦੇ ਧੋਖੇ ਕਿਵੇਂ ਦੱਸ ਗਿਣ-ਗਿਣ,
ਧੋਖੇ ਅਸਾਂ ਖਾਧੇ ਬੇਸ਼ੁਮਾਰ ਨੀ।

ਬੜੇ ਗ਼ਮ ਮਿਲਦੇ ਨੇ ਇਸ਼ਕੇ ਦੀ ਰਾਹ ਦੇ ਉੱਤੇ
ਪੈਰ ਕਦੀ ਝੱਲੀਏ ਤੂੰ ਪਾਈਂ ਨਾ,
ਰੋਗ ਬੜਾ ਭੈੜਾ ਏ ਨੀ ਇਸ਼ਕੇ ਦਾ ਚੰਦਰਾ
ਰੋਗ ਸੁਣ ਦਿਲ ਨੂੰ ਲਗਾਈਂ ਨਾ,
ਛੱਡ ਦੇ ਤੂੰ ਜਿੱਦ ਸਾਡੇ ਨਾਲ ਪਿਆਰ ਵਾਲੀ,
ਸਾਨੂੰ ਜ਼ਿੰਦਗੀ ਦਾ ਨਈਉਂ ਇਤਬਾਰ ਨੀ।

ਜਾਨ ਦੇ ਕੇ ਇਸ਼ਕੇ ਦੀ ਰਸਮ ਨਿਭਾਉਣੀ ਪੈਂਦੀ
ਜਾਨ ਦੇਣਾ ਕਿਹੜਾ ਦੱਸ ਸੌਖੀ ਏ,
ਹੋਵੇ ਜੇ ਦੋ ਘੜੀ ਦਾ ਹੰਢਾ ਵੀ ਲਵੇ ਗ਼ਮ ਕੋਈ
ਜਿੰਦ ਉਮਰਾਂ ਜਲਾਉਣੀ ਬੜੀ ਔਖੀ ਏ,
ਪਿਆਰ ਜਿੰਨ੍ਹਾਂ ਕੀਤਾ ਸਦਾ ਦੁੱਖੜੇ 'ਵਿਕਾਸ' ਪਾਏ
ਪਿਆਰ ਦਾ ਤਾਂ ਵੈਰੀ ਸੰਸਾਰ ਨੀ।

•♣•

## ਗੀਤ

ਫ਼ਕੀਰਾ ਤਰੁਦਾ ਜਾ, ਫ਼ਕੀਰਾ ਤੁਰਦਾ ਜਾ।

ਕੋਈ ਨਾ ਕਿਸੇ ਦਾ ਸਾਥੀ ਜੱਗ ਵਿਚ ਕੋਈ ਨਾ ਸਾਥ ਨਿਭਾਵੇ,
ਖ਼ਾਬਾਂ ਦੀਆਂ ਤਲੀਆਂ ਵਿਚ ਫਿਰਦਾ ਨਾ ਫੜ ਤੂੰ ਪਰਛਾਵੇਂ,
ਮਨ ਵਿਚ ਅਲਖ ਜਗਾ ਦੇ ਸੱਚ ਦੀ, ਰਾਹਾਂ ਦੇ ਨਾਲ ਜੁੜਦਾ ਜਾ।
ਫ਼ਕੀਰਾ ਤੁਰਦਾ ਜਾ ... ... ...

ਕਿਸੇ ਨੇ ਤੇਰੀ ਬਾਂਹ ਨਾ ਫੜ੍ਹਨੀ ਕਿਸੇ ਨੇ ਗਲ ਨਾ ਲਾਉਣਾ,
ਆਪਣਾ-ਆਪਣਾ ਮਤਲਬ ਕੱਢ ਕੇ ਸਭਨਾ ਨੇ ਤੁਰ ਜਾਣਾ,
ਉਮਰ ਸਮਝ ਲੈ ਢਲਦਾ ਸੂਰਜ ਭੋਰਾ-ਭੋਰਾ ਖੁਰਦਾ ਜਾ।
ਫ਼ਕੀਰਾ ਤੁਰਦਾ ਜਾ ... ... ...

ਜ਼ਿੰਦਗੀ ਜਿਹੜੇ ਰੰਗ ਦਿਖਾਵੇ ਉਸੇ ਰੰਗ ਵਿਚ ਰੰਗ ਜਾ,
ਲੱਖ ਕੋਈ ਤੈਨੂੰ ਮੰਦਾ ਬੋਲੇ ਨੀਵੀਂ ਪਾ ਕੇ ਲੰਘ ਜਾ,
ਸੁਖ-ਦੁੱਖ ਰਾਤ ਹਨੇਰੀ ਜਿਹੜੇ ਮੋੜ ਮਿਲਣ ਤੂੰ ਮੁੜਦਾ ਜਾ।
ਫ਼ਕੀਰਾ ਤੁਰਦਾ ਜਾ ... ... ...

## ਗੀਤ

ਸੁਰਮਈ ਸਾਂਝ ਦਾ ਢਲਦਾ ਸੂਰਜ ਜੀ ਕਰਦਾ ਬਣ ਜਾਵਾਂ,
ਕਾਬਜ਼ ਹੋਣ ਮੇਰੀ ਲੋਅ 'ਤੇ ਹਨੇਰੇ, ਮੈਂ ਡੁੱਬਦਾ ਡੁੱਬ ਜਾਵਾਂ।

ਹਿਜ਼ਰ ਦੇ ਗ਼ਮ ਬਿਰਹੋਂ ਦੀਆਂ ਪੀੜਾਂ
ਸਦੀਆਂ ਦਰਦ ਹੰਢਾਏ,
ਦਿਲ ਦੀ ਸਰਦਲ ਹਸਰਤ ਰੋਵੇ
ਖ਼ਾਬ ਫਿਰਨ ਤ੍ਰਿਹਾਏ,
ਨਿੱਤ ਮੈਂ ਦਿਲ ਦੀਆਂ ਸੁੱਚੀਆਂ ਰੀਝਾਂ
ਹੱਥੀਂ ਮਾਰ ਮੁਕਾਵਾਂ।

ਨੈਣਾਂ ਦੇ ਖੂਹ ਖਾਰੇ ਪਾਣੀ ਜਿੰਦ
ਨਿੱਤ ਰੋਜ਼ ਨਹਾਵੇ,
ਜ਼ਿਹਨ ਮੇਰੇ ਵਿਚ ਉੱਡਦੇ ਫਿਰਦੇ
ਯਾਦ ਤੇਰੀ ਦੇ ਸਾਏ,
ਦੀਦ ਤੇਰੀ ਲਈ ਰੋਂਦੀਆਂ ਅੱਖੀਆਂ
ਨੂੰ ਕਿੰਝ ਚੁੱਪ ਕਰਾਵਾਂ।

ਬਿਰਹੋਂ ਦੀ ਅੱਗ ਦੇਹੀ ਸੁਲਗੇ
ਸਾਹ ਧੁਖਦੇ ਨੇ ਮੇਰੇ,
ਸੀਨੇ ਨਾਲ ਲਗਾਈ ਬੈਠਾਂ
ਜ਼ਖ਼ਮ ਹਿਜ਼ਰ ਦੇ ਤੇਰੇ,
ਦਿਲ ਵਿੱਚੋਂ ਜਦ ਉੱਠੀਆਂ ਹੂਕਾਂ
ਜੀ ਕਰਦਾ ਮਰ ਜਾਵਾਂ।

## ਗੀਤ

ਇਹ ਚੰਦ ਹਰਫ਼ ਜਿਹੜੇ, ਕਾਗਜ਼ 'ਤੇ ਉੱਕਰੇ ਨੇ,
ਲੋਕੀ ਗੀਤ ਸਮਝਦੇ ਨੇ, ਇਹ ਹੰਝੂ ਮੇਰੇ ਨੇ।

ਕੁਝ ਆਹਾਂ ਕੁਝ ਪੀੜਾਂ, ਕੁਝ ਹੰਝੂ ਕੁਝ ਯਾਦਾਂ,
ਕੁਝ ਚੇਤੇ ਰਹਿ ਗਈਆਂ, ਸਾਨੂੰ ਯਾਰ ਦੀਆਂ ਬਾਤਾਂ,
ਕੁਝ ਕਾਲੇ ਸਾਏ ਹੀ ਮੇਰੇ ਚਾਰ-ਚੁਫੇਰੇ ਨੇ।

ਅਫ਼ਸੁਰਦ ਜਿਹਾ ਚਿਹਰਾ, ਮਾਯੂਸ ਜਿਹੀਆਂ ਅੱਖੀਆਂ,
ਕੋਈ ਰਾਹ ਨਹੀਂ ਦਿੱਸਦਾ, ਮੈਂ ਢੂੰਡ ਢੂੰਡ ਥੱਕਿਆਂ,
ਦਿਲ ਤੋਂ ਨਜ਼ਰ ਦੀ ਹੱਦ ਤੱਕ, ਬਸ ਗ਼ਮ ਦੇ ਨੇਰ੍ਹੇ ਨੇ।

ਇਹਨਾਂ ਕਰਮਾਂ ਜਲਿਆਂ ਨੂੰ, ਕਿੰਝ ਠੋਕਰ ਮਾਰ ਦਿਆਂ,
ਜਾਓ ਛੱਡ ਦਿਓ ਦਰ ਮੇਰਾ, ਮੈਂ ਕਿੰਝ ਦੁਤਕਾਰ ਦਿਆਂ,
ਮੇਰੇ ਬੂਹੇ ਬੈਠੇ ਨੇ, ਇਹ ਗ਼ਮ ਜੋ ਤੇਰੇ ਨੇ।

•♣•

## ਗੀਤ

ਜਿਸਮ ਨੂੰ ਜਿਸਮ ਖਾਂਦੇ ਨੇ, ਰੂਹ ਨੂੰ ਰੂਹ ਡੱਸਦੀ ਹੈ,
ਚਹੁੰ ਪਾਸੇ ਹੀ ਵਹਿਸ਼ਤ, ਕੀ ਏ ਇਨਸਾਨਾਂ ਦੀ ਬਸਤੀ ਹੈ?

ਤਬਾਹੀ ਦਾ ਹੀ ਬਸ ਸਮਾਂ ਅਸਾਂ ਈਜਾਦ ਕੀਤਾ ਹੈ,
ਲਹੂ ਇਨਸਾਨ ਨੇ ਇਨਸਾਨ ਦਾ ਸਦੀਆਂ ਤੋਂ ਪੀਤਾ ਹੈ,
ਸਦਾ ਤਹਿਜ਼ੀਬ ਨੇ ਤਹਿਜ਼ੀਬ ਉੱਤੇ ਵਾਰ ਕੀਤਾ ਹੈ,
ਇਹ ਕੇਹੀ ਸ਼ੈਅ ਹੈ ਨਫ਼ਰਤ ਦੀ, ਨਾ ਮਰਦੀ ਹੈ, ਨਾ ਮੱਕਦੀ ਹੈ।

ਖ਼ੌਫ਼ ਹੀ ਖ਼ੌਫ਼ ਹਰ ਚਿਹਰੇ 'ਤੇ ਮਾਯੂਸੀ ਦੇ ਪਹਿਰੇ ਨੇ,
ਦਿਲਾਂ ਨੂੰ ਗ਼ੈਰ ਨਾਲ ਵੇਖੋ ਤਾਂ ਮਿਲਦੇ ਜ਼ਖ਼ਮ ਗਹਿਰੇ ਨੇ,
ਲਬਾਂ ਉੱਤੇ ਦੁਆ, ਪਲਕਾਂ 'ਤੇ ਹੰਝੂ ਸਭ ਦੇ ਠਹਿਰੇ ਨੇ,
ਅਮਨ, ਸੁਖ, ਸ਼ਾਂਤੀ ਦੇ ਵਾਸਤੇ ਦੁਨੀਆਂ ਤਰਸਦੀ ਹੈ।

ਪਰੇਸ਼ਾਂ ਸਭ ਨੇ ਪਰ ਕੋਈ ਬੁਲੰਦ ਆਵਾਜ਼ ਨਾ ਕਰਦਾ,
ਸੁਨੇਹੇ ਲੈ ਕੇ ਉਲਫ਼ਤ ਦੇ ਕੋਈ ਪਰਵਾਜ਼ ਨਾ ਭਰਦਾ,
ਨਵੇਂ ਯੁੱਗ ਦੇ ਸੁਖਦ ਇਲਹਾਮ ਦੇ ਆਗ਼ਾਜ਼ ਤੋਂ ਡਰਦਾ,
ਇਹ ਕੇਹੇ ਦੌਰ ਵਿਚ ਉਲਝੀ ਹੋਈ ਇਨਸਾਂ ਦੀ ਹਸਤੀ ਹੈ।

ਧਰਤ ਦੇ ਟੋਟੇ-ਟੋਟੇ ਕਰ ਕੇ ਵੰਡਦੇ ਆਸਮਾਨਾਂ ਨੂੰ,
ਲਗਾਉਂਦੇ ਅੱਗ ਜਨੂੰਨੀ ਨਿੱਤ ਜਲਾਉਂਦੇ ਨੇ ਮਕਾਨਾਂ ਨੂੰ,
ਕੋਈ ਸਮਝਾਓ ਤਾਂ ਮਜ਼ਹਬ ਦੇ ਝੂਠੇ ਪਾਸਵਾਨਾਂ ਨੂੰ,
ਇਹ ਛਾਈ ਕੇਹੀ ਦੀਮਾਗਾਂ 'ਚ ਆਦਮਖੋਰ ਮਸਤੀ ਹੈ।

## ਗੀਤ

ਜ਼ਿੰਦਗੀ ਦੀ ਸ਼ਾਮ ਹੈ ਇਸ ਤਰ੍ਹਾਂ ਖੋਈ-ਖੋਈ,
ਜਿਸਮ 'ਚੋਂ ਸਾਹ ਚੁਰਾ ਕੇ ਲੈ ਗਿਆ ਮੇਰੇ ਕੋਈ,
ਹਸਰਤਾਂ ਦੀ ਚਿਣਗ ਮੇਰੇ ਦਿਲ ਦੇ ਅੰਦਰ ਬਾਲ ਕੇ,
ਦੇ ਗਿਆ ਅਨਜਾਣ ਰਾਹਾਂ ਦੇ ਮੈਨੂੰ ਗੇੜੇ ਕੋਈ।

ਕੋਈ ਭੌਰਾ ਬਣ ਕੇ ਮੇਰੀ ਖ਼ੁਸ਼ਬੋਆਂ ਨੂੰ ਪੀ ਗਿਆ,
ਚੁੱਪ ਦੀ ਰੇਸ਼ਮੀ ਡੋਰ ਦੇ ਨਾਲ ਬੁੱਲ੍ਹੀਆਂ ਨੂੰ ਸੀ ਗਿਆ,
ਪਾ ਗਿਆ ਸੋਚਾਂ-ਵਿਚਾਰਾਂ ਦੇ ਮੈਨੂੰ ਘੇਰੇ ਕੋਈ।

ਮੁੱਖ ਦਾ ਚਾਨਣ ਚੋਅ ਕੇ ਕੋਈ ਜ਼ਰਦ ਪੀਲਾ ਕਰ ਗਿਆ,
ਮੇਰੀਆਂ ਪਲਕਾਂ ਉੱਤੇ ਟੁੱਟੇ ਸਿਤਾਰੇ ਧਰ ਗਿਆ,
ਨਾਲ ਆਪਣੇ ਲੈ ਗਿਆ ਖ਼ੁਸ਼ੀਆਂ ਤੇ ਖੇੜੇ ਕੋਈ।

ਚਿਹਰਿਆਂ ਦੀ ਭੀੜ 'ਚ ਚਿਹਰਾ ਮੈਂ ਉਸ ਦਾ ਭਾਲਦਾਂ,
ਮਹਿਫ਼ਿਲਾਂ ਦੇ ਵਿਚ ਮੈਂ ਉਸਦੇ ਨਾਂ ਦਾ ਦੀਵਾ ਬਾਲਦਾਂ,
ਕਿਹੇ ਉਦਾਸੀ ਵਾਲੇ ਮੈਨੂੰ ਦੇ ਗਿਆ ਨੇਰ੍ਹੇ ਕੋਈ।

•♣•

## ਗੀਤ

ਕਤਰਾ-ਕਤਰਾ ਹੋਏ ਦਿਲ ਦੇ ਖ਼ਾਬਾਂ ਦਾ ਮੁੱਲ ਪੈਂਦਾ ਨਹੀਂ,
ਇਸ ਦੁਨੀਆਂ ਦੇ ਵਿਚ ਕੋਈ ਵੀ ਆਪਣਾ ਹੋ ਕੇ ਰਹਿੰਦਾ ਨਹੀਂ।

ਰੁੱਤਾਂ ਦੇ ਨਾਲ ਮੌਸਮ ਬਦਲਣ ਉਮਰਾਂ ਦੇ ਨਾਲ ਰਿਸ਼ਤੇ,
ਰਹਿ ਜਾਣ ਦਿਲ ਵਿਚ ਬਸ ਯਾਦਾਂ ਦੇ ਜ਼ਖ਼ਮ ਅਵੱਲੇ ਰਿਸਦੇ,
ਦਿਲ ਜਲਿਆਂ ਨੂੰ ਇਸ ਦੁਨੀਆਂ ਵਿਚ ਚੈਨ ਕਿਤੇ ਫਿਰ ਪੈਂਦਾ ਨਹੀਂ।

ਖੋਖਲੀਆਂ ਸਭ ਗੱਲਾਂ ਬਾਤਾਂ ਹਾਸੇ-ਖੇਡਾਂ ਮਤਲਬ ਦੇ,
ਕੀ ਕਰਨਾ ਏ ਕਿਸੇ ਤੋਂ ਹਾਸਲ ਅੰਦਰੋਂ ਸਾਰੇ ਇਹ ਲੱਭਦੇ,
ਪੂਰੀ ਕਰ ਕੇ ਹਸਰਤ ਦਿਲ ਦੀ ਨਜ਼ਰਾਂ ਕੋਈ ਮਿਲਾਉਂਦਾ ਨਹੀਂ।

ਝੂਠੀਆਂ ਆਸਾਂ, ਝੂਠੇ ਸੁਪਨੇ, ਝੂਠੇ ਹੀ ਇਤਬਾਰਾਂ ’ਤੇ,
‘ਵਿਕਾਸ’ ਬਣਾ ਬੈਠਾ ਤਸਵੀਰਾਂ ਰੇਤ ਦੀਆਂ ਦੀਵਾਰਾਂ ’ਤੇ,
ਸੋਚਾਂ ਵਿੱਚ ਰਹਿ ਗਏ ਪਰਛਾਂਵੇਂ ਕੋਈ ਚਿਹਰਾ ਨਜ਼ਰੀਂ ਆਂਦਾ ਨਹੀਂ।

•♣•

## ਗੀਤ

ਰਾਂਝੇ ਦੀਏ ਵੰਝਲੀਏ ਮਿੱਠੇ-ਮਿੱਠੇ ਰਾਗ ਛੇੜ,
ਹੀਰ ਦੀਏ ਝਾਂਜਰੇ ਨੀ ਛਮ-ਛਮ ਲਾ ਦੇ ਫੇਰ।

ਤੂਤਾਂ ਵਾਲੇ ਖੂਹ ਉੱਤੇ ਮੁੜ ਕੋਈ ਉਡੀਕਾਂ ਕਰੇ,
ਸੰਗਦੀ-ਸੰਗਾਉਂਦੀ ਗੋਰੀ ਪੱਟ ਦਾ ਸਿਰਹਾਣਾ ਧਰੇ,
ਕੂਲੇ-ਕੂਲੇ ਹੱਥਾਂ ਨਾਲ ਚੂਰੀਆਂ ਖੁਵਾਏ ਫੇਰ।

ਸੌਣ ਦੇ ਮਹੀਨੇ ਵਿਚ ਪੀਂਘਾਂ ਦਾ ਖ਼ੁਮਾਰ ਛਾਏ,
ਪਗਲੀ ਕੋਈ ਤੀਆਂ ਵਿਚ ਜ਼ੁਲਫ਼ਾਂ ਖਿਲਾਰ ਆਏ,
ਯਾਰ ਦਾ ਦੀਦਾਰ ਕਰੇ, ਭਾਰ ਵਧੇ ਸਵਾ ਸੇਰ।

ਜਮਨਾ ਦੇ ਤੱਟ ਉੱਤੇ ਆਣ ਰਾਸ ਪਾਏ ਕੋਈ,
ਮੌਤ ਨਾਲ ਕਲੋਲਾਂ ਕਰੇ ਯਾਰ ਨੂੰ ਮਨਾਏ ਕੋਈ,
ਜਿਸਮਾਂ 'ਚੋਂ ਵਾਸਨਾ ਦਾ ਦੂਰ ਹੋਏ ਕਾਲਾ ਨੇਰ੍ਹ।

ਯੁੱਗਾਂ-ਯੁੱਗ ਪਹਿਲਾਂ ਦੀ ਕਹਾਣੀ ਬਣ ਰਹਿ ਗਿਆ,
'ਵਿਕਾਸ' ਦੀਆਂ ਅੱਖੀਆਂ 'ਚੋਂ ਪਾਣੀ ਬਣ ਵਹਿ ਗਿਆ,
ਤੇਰੇ ਪਿੱਛੋਂ ਇਸ਼ਕ 'ਚ ਹੋਏ ਬੜੇ ਹੇਰ ਫੇਰ।

•♣•

## ਗੀਤ

ਬਾਅਦ ਮਰਨ ਤੋਂ ਕਿਸੇ ਨਾ ਸੱਜਣਾ
ਮੇਲ ਦਿਲਾਂ ਦੇ ਵੇਖੇ,
ਜਿਉਂਦੇ ਜੀ ਦੇ ਸਭ ਅਫ਼ਸਾਨੇ
ਬਾਕੀ ਝੂਠ ਭੁਲੇਖੇ।

ਸੱਜਰੀ ਦੇਹ ਦਾ ਪਿਆਰ ਹੰਢਾ ਲੈ
ਮਹਿਕਾਂ ਦਾ ਘੁੱਟ ਭਰ ਲੈ,
ਬਣ ਕੇ ਮੋਰਨੀ ਪੈਲਾਂ ਪਾਵਾਂ
ਬੱਦਲ ਬਣ ਕੇ ਵਰ੍ਹ ਲੈ,
ਸੱਧਰਾਂ ਦੇ ਤੂੰ ਫੁੱਲ ਨਿਰੋਏ
ਰੋਲ ਨਾ ਤਪਦੇ ਰੇਤੇ।

ਬਾਰੀ ਦੀ ਜਦ ਖੜ੍ਹ-ਖੜ੍ਹ ਕਰਦਾ
ਠੰਡੀ ਵਾ' ਦਾ ਰੁਮਕਾ,
ਗੱਲਾਂ ਉੱਤੇ ਚੰਮਣ ਪਾਵੇ
ਕੰਨ ਮੇਰੇ ਦਾ ਝੁਮਕਾ,
ਕੰਬ-ਕੰਬ ਜਾਵਾਂ ਹਾਏ ਸ਼ਰਮਾਵਾਂ
ਕਰ-ਕਰ ਤੈਨੂੰ ਚੇਤੇ।

ਬਿਨ ਤੇਰੇ ਸਾਨੂੰ ਹਾਰ-ਹਮੇਲਾਂ
ਤੇ ਨਾ ਸ਼ੋਭਮ ਹਾਸੇ,
ਕੰਤ ਜਿਦ੍ਹਾ ਪਰਦੇਸੀ ਉਹਦੇ ਲਈ
ਫੁੱਗ ਚਮਾਸੇ,
ਆ 'ਵਿਕਾਸ' ਗਲਵਕੜੀ ਪਾ ਲੈ
ਜਿੰਦ ਲਾਵਾਂ ਤੇਰੇ ਲੇਖ।

## ਗੀਤ

ਧੋਖਾ ਦੇ ਜਾਂਦੇ ਜੇ ਗ਼ੈਰ ਏਨਾਂ ਦੁੱਖ ਨਹੀਂ ਸੀ ਹੋਣਾ,
ਝੂਠ ਆਪਣਿਆਂ ਬੋਲੇ, ਗੱਲ ਏਸੇ ਦਾ ਹੈ ਰੋਣਾ।

ਅਸਾਂ ਚੁਣ-ਚੁਣ ਰੱਖੇ ਫੁੱਲ-ਕਲੀਆਂ ਜਿੰਨ੍ਹਾਂ ਲਈ,
ਲੱਖ ਮੰਗੀਆਂ ਦੁਆਵਾਂ ਜਿਦ੍ਹੇ ਚੰਗੇ ਦਿਲਾਂ ਲਈ,
ਸਾਡੀ ਰਾਹ 'ਚ ਵਿਛਾ ਗਏ ਕੰਡਿਆਂ ਦਾ ਉਹ ਵਿਛੌਣਾ।

ਜਿਦ੍ਹੇ ਬੁੱਲੀਆਂ ਦੇ ਹਾਸੇ ਹੋਣ ਦਿੱਤੇ ਨਾ ਉਦਾਸ,
ਸਾਡੀ ਖੁਸ਼ੀ ਖੌਰੇ ਉਨ੍ਹਾਂ ਨੂੰ ਕਿਉਂ ਆਈ ਨਹੀਂ ਰਾਸ,
ਦਿਲ ਤੋੜ ਗਏ ਇੰਝ ਜਿਵੇਂ ਮਿੱਟੀ ਦਾ ਖਿਡੌਣਾ।

ਜਦੋਂ ਆਂਦੇ ਨੇ ਉਹ ਯਾਦ ਦਿਨ ਲੁਕਾ-ਛਿਪੀ ਵਾਲੇ,
ਪੀੜ ਕਾਲਜੇ 'ਚ ਮਾਰਦੀ 'ਵਿਕਾਸ' ਦੇ ਉਬਾਲੇ,
ਵਹਿੰਦਾ ਅੱਖੀਆਂ 'ਚੋਂ ਟਿੱਪ-ਟਿੱਪ ਮੁੱਖ ਉਹਦਾ ਸੋਹਣਾ।

•♣•

## ਗੀਤ

ਭੁੱਲ ਜਾ ਤੂੰ ਕੀਤਾ ਸੀ ਮੈਂ ਕਿਸੇ ਨਾਲ ਪਿਆਰ,
ਛੱਡ ਉਨ੍ਹਾਂ ਝੂਠਿਆਂ ਦਾ ਤੂੰ ਇੰਤਜ਼ਾਰ,
ਤੱਕ ਨਾ ਬਰੂਹਾਂ ਅੱਖਾਂ ਚੋਅ- ਚੋਅ ਕੇ,
ਕੁਝ ਨਈਓਂ ਮਿਲਣਾ ਵੇ ਰੋਅ-ਰੋਅ ਕੇ।

ਯਾਦ ਨਾ ਉਨ੍ਹਾਂ ਨੂੰ ਤੇਰੇ ਕੀਤੇ ਅਹਿਸਾਨ,
ਸ਼ੋਹਰਤਾਂ 'ਚ ਭੁੱਲ ਗਏ ਉਹ ਤੇਰੀ ਪਹਿਚਾਣ,
ਕਾਹਤੋਂ ਹੋਏ ਜ਼ਲੀਲ ਅੱਗੇ ਹੋ ਹੋ ਕੇ।

ਦਿਲ ਉੱਤੇ ਲੱਗੀਆਂ ਜੋ ਹੌਸਲੇ ਨਾਲ ਜ਼ਰ,
ਝੱਲਿਆਂ ਦੇ ਵਾਂਗ ਨਾ ਤੂੰ ਦਿਲ ਐਵੇਂ ਹੌਲਾ ਕਰ,
ਕਿਉਂ ਬੈਠਾ ਉਦਾਸ ਬੂਹੇ ਢੋਅ-ਢੋਅ ਕੇ।

ਸਮੇਂ ਨਾਲ ਭਰੇ ਜਾਣੇ ਮਿਲੇ ਜੋ ਜ਼ਖ਼ਮ ਨੇ,
ਸੋਚ ਲੈ ਤੂੰ ਉਨ੍ਹਾਂ ਨਾਲ ਰਿਸ਼ਤੇ ਖ਼ਤਮ ਨੇ,
ਨਾ ਵੇਖ ਅੱਲੇ ਜ਼ਖ਼ਮਾਂ ਨੂੰ ਛੋਹ ਛੋਹ ਕੇ।

ਫੂਕ ਤੇ 'ਵਿਕਾਸ' ਸਭ ਖ਼ਤ ਤਸਵੀਰਾਂ ਨੂੰ,
ਪੂੰਝ ਦੇ ਹੱਥਾਂ 'ਚੋਂ ਉਹਦੇ ਨਾਂ ਦੀਆਂ ਲਕੀਰਾਂ ਨੂੰ,
ਬੜਾ ਵੇਖ ਲਿਆ ਯਾਦਾਂ ਵਿਚ ਖੋਅ-ਖੋਅ ਕੇ।

•♣•

## ਗੀਤ

ਮੈਂ ਤੇਰੀ ਲਾਡੋ ਰਾਣੀ ਬਾਬਲਾ
ਮੈਨੂੰ ਤੋਰ ਨਾ ਦੇਸ਼ ਪਰਾਏ,
ਸਵਰਗ ਜਿਹਾ ਤੇਰਾ ਵਿਹੜਾ ਛੱਡਦੇ
ਮੇਰਾ ਮਨ ਘਬਰਾਏ।

ਮੋਢੇ ਚੜ੍ਹ ਕੇ ਤੇਰੇ ਬਾਬਲਾ
ਅੰਬਰੋਂ ਤਾਰੇ ਤੋੜੇ,
ਗੋਡੇ ਭਾਰ ਬਿਠਾ ਕੇ ਆਖਿਆ
ਟਿਕ-ਟਿਕ ਚੱਲ ਮੇਰੇ ਘੋੜੇ,
ਬਣ ਕੇ ਹੰਝੂ ਚੋਵਣ ਅੱਖਾਂ 'ਚੋਂ
ਜੋ ਤੂੰ ਲਾਡ ਲਡਾਏ।

ਧੀਆਂ ਹੋਵਣ ਘਰ ਦੀ ਰੌਣਕ
ਕਹਿੰਦੇ ਸੀ ਤੁਸੀਂ ਆਪੇ,
ਵੇਖ ਬੁਸਕੜੀ ਬੁੱਲ੍ਹੀਆਂ 'ਤੇ
ਮੁੱਖ ਚੁੰਮਦੇ ਸੀ ਗਲ ਲਾ ਕੇ,
ਪਾਲ-ਪਲੋਸ ਕੇ ਹੁਣ ਕਹਿੰਦੇ ਹੋ,
ਧੀਆਂ ਧਨ ਪਰਾਏ।

ਘਰ ਬੇਗਾਨੇ ਸਾਨੂੰ ਬਾਬਲਾ
ਯਾਦ ਤੇਰੀ ਹੈ ਆਣੀ,
ਕੌਣ ਦੇਵੇਗਾ ਮਿੱਠੀਆਂ ਝਿੜਕਾਂ
ਆਖ ਕੇ ਲਾਡੋ ਰਾਣੀ,
ਤਪਦੀ ਧੁੱਪ ਵਿੱਚ ਕੌਣ ਕਰੇਗਾ
ਸਿਰ 'ਤੇ ਠੰਡੇ ਸਾਏ।

•♣•

## ਗੀਤ

ਅੱਖਾਂ ਚਮਕੀਲੀਆਂ ਜਿਉਂ ਤਾਰਿਆਂ ਦੀ ਲੋਅ,
ਟੂਣੇਹਾਰੀ ਦਿਲ ਗਈ ਸਾਰਿਆਂ ਦੇ ਮੋਹ,
ਬੁੱਲ੍ਹ ਪਤਲੇ ਗੁਲਾਬ ਦੀਆਂ ਪੱਤੀਆਂ
ਧਰਤੀ 'ਤੇ ਚੰਨ ਆ ਗਿਆ
ਸਾਰੀਆਂ ਬੁਝਾ ਦਿਓ ਬੱਤੀਆਂ,
ਧਰਤੀ 'ਤੇ ਚੰਨ ਆ ਗਿਆ।

ਰੂਪ-ਰੰਗ ਵਿੱਚ ਦੇਵੇ ਪਰੀਆਂ ਨੂੰ ਮਾਤ,
ਸਾਰਿਆਂ ਤੋਂ ਵੱਖਰੀ ਏ ਉਹਦੀ ਗੱਲਬਾਤ,
ਉੱਤੋਂ ਕੋਹੇਨੂਰ ਦੋ ਅੱਖੀਆਂ
ਧਰਤੀ 'ਤੇ ਚੰਨ ਆ ਗਿਆ
ਸਾਰੀਆਂ ਬੁਝਾ ਦਿਓ ਬੱਤੀਆਂ,
ਧਰਤੀ 'ਤੇ ਚੰਨ ਆ ਗਿਆ।

ਬਿਜਲੀ ਦੀ ਮਾਰੇ ਲਿਸ਼ਕੋਰ ਕੋਕਾ ਨੱਕ ਦਾ,
ਮੋੜ ਦੇਵੇ ਨਦੀਆਂ ਹੁਲਾਰਾ ਦੇ ਕੇ ਲੱਕ ਦਾ,
ਦਿਲ ਕਦਮਾਂ 'ਚ ਰੱਖੇ ਉਹਦੇ ਛੱਤੀਆਂ
ਧਰਤੀ 'ਤੇ ਚੰਨ ਆ ਗਿਆ
ਸਾਰੀਆਂ ਬੁਝਾ ਦਿਓ ਬੱਤੀਆਂ,
ਧਰਤੀ 'ਤੇ ਚੰਨ ਆ ਗਿਆ।

ਹੁਸਨ-ਜਵਾਨੀਆਂ ਦੇ ਭਾਰੇ ਘਮਸਾਨ 'ਚ,
ਆਈਆਂ ਕਈ ਸੋਹਣੀਆਂ-ਸੁਨੱਖੀਆਂ ਮਦਾਨ 'ਚ,
ਉਨ੍ਹੇ ਰੱਖੀਆਂ ਪੋਚ ਸਭ ਫੱਟੀਆਂ
ਧਰਤੀ 'ਤੇ ਚੰਨ ਆ ਗਿਆ
ਸਾਰੀਆਂ ਬੁਝਾ ਦਿਓ ਬੱਤੀਆਂ,
ਧਰਤੀ 'ਤੇ ਚੰਨ ਆ ਗਿਆ।

•♣•

## ਗੀਤ

ਸੋਹਣਾ ਕੀਤਾ ਸਾਡੇ ਨਾਲ ਝੂਠ ਦੀ ਪਟਾਰੀਏ,
ਜਿਹਦਾ ਨਾ ਇਲਾਜ ਕੋਈ ਐਸੀ ਸੱਟ ਮਾਰੀ ਏ,
ਮੁੱਲ ਸਾਡੀ ਤੂੰ ਵਫ਼ਾ ਦਾ ਚੰਗਾ ਪਾ ਕੇ ਚੱਲੀ ਏਂ,
ਨੀ ਤੂੰ ਸਾਡੇ ਨਾਲ ਚੰਗੀਆਂ ਨਿਭਾ ਕੇ ਚੱਲੀ ਏਂ।

ਦੱਸ ਏਡੀ ਮਾੜੀ ਕਿਹੜੀ ਕੀਤੀ ਤੇਰੇ ਨਾਲ ਨੀ,
ਚੱਲਣਾ ਸਿਖਾਇਆ ਤੈਨੂੰ ਦੁਨੀਆਂ ਦੀ ਚਾਲ ਨੀ,
ਸਾਥੋਂ ਸਿੱਖ ਕੇ ਸਾਨੂੰ ਹੀ ਠੇਡੇ ਲਾ ਕੇ ਚੱਲੀ ਏਂ।

ਔਖੇ ਵੇਲੇ ਹੱਥ ਫੜ ਅਸਾਂ ਦਿੱਤਾ ਤੇਰਾ ਸਾਥ,
ਪੂੰਝੇ ਅੱਖੀਆਂ 'ਚੋਂ ਹੰਝੂ ਤੈਨੂੰ ਦਿੱਤੇ ਧਰਵਾਸ,
ਅੱਜ ਸਾਨੂੰ ਹੀ ਤੂੰ ਫ਼ਿਕਰਾਂ 'ਚ ਪਾ ਕੇ ਚੱਲੀ ਏਂ।

ਜਿੰਦ ਫੂਕ ਤੇਰੇ ਖ਼ਾਬਾਂ ਵਿੱਚ ਕੀਤੀ ਅਸਾਂ ਲੋਅ,
ਸੁਖ ਚੈਨ ਤੂੰ 'ਵਿਕਾਸ' ਦੇ ਹੀ ਲੈ ਗਈ ਏਂ ਖੋਅ,
ਜੋਤ ਸੱਚੇ-ਸੁੱਚੇ ਪਿਆਰ ਦੀ ਬੁਝਾ ਕੇ ਚੱਲੀ ਏਂ।

## ਗ਼ਜ਼ਲ

ਰਾਹਾਂ ਦੇ ਵਿਚ ਮਿਲ ਜਾਵੇ ਜੇ, ਤਾਂ ਵੀ ਨਜ਼ਰ ਮਿਲਾਈਂ ਨਾ।
ਮੁੱਦਤ ਹੋਈ ਸੱਤੀ ਹੈ ਜੋ, ਸੁੱਤੀ ਪੀੜ ਜਗਾਈਂ ਨਾ।

ਤੇਰਾ ਉਹ ਅਸਥਾਨ ਨਹੀਂ ਹੈ, ਪਹਿਲੇ ਵਰਗਾ ਦਿਲ ਵਿੱਚ ਹੁਣ,
ਭੁੱਲ ਭੁਲੇਖੇ ਦਿਲ ਵਿਚ ਮੇਰੇ, ਐਵੇਂ ਫੇਰਾ ਪਾਈਂ ਨਾ।

ਕਿਰਚਾਂ ਕਿਰਚਾਂ ਹੋਏ ਸ਼ੀਸ਼ੇ ਦੇ ਵਿਚ ਮੂੰਹ ਨਾ ਤੱਕੀ ਤੂੰ,
ਨੈਣਾਂ ਦੇ ਵਿਚ ਸੁਪਨ ਸਜਾ ਕੇ, ਮੇਰੇ ਸ੍ਹਾਵੇਂ ਆਈਂ ਨਾ।

ਹੁਣ ਤਾਂ ਬਸ ਇਕ ਬੁੱਤ ਬਚਿਆ ਹੈ, ਰੂਹ ਕਦੋਂ ਦੀ ਮੁਕਤ ਹੋਈ,
ਮੰਦਿਰ ਸੀ ਜੋ ਖੰਡਰ ਹੋਇਆ, ਉਸ ਵਿਚ ਜੋਤ ਜਗਾਈਂ ਨਾ।

ਪੱਤਝੜ ਰੁੱਤੇ ਕਿਣ-ਮਿਣ ਦਾ ਵੀ, ਅਸਰ ਨਹੀਂ ਹੁੰਦਾ ਕੋਈ ਵੀ,
ਸੁੱਕੇ ਰੁੱਖ ਹਰੇ ਨਾ ਹੁੰਦੇ, ਨੈਣਾਂ ਨੂੰ ਛਲਕਾਈਂ ਨਾ।

ਇਕ ਦੋ ਹੁੰਦੇ ਤਾਂ ਭਰ ਲੈਂਦੇ, ਸਾਹਾਂ ਤੋਂ ਵੱਧ ਜ਼ਖ਼ਮ ਮਿਲੇ,
ਕਾਤਿਲ ਹੈਂ ਤੂੰ ਕਾਤਿਲ ਹੀ ਰਹਿ, ਮਲ੍ਹਮ ਲੈ ਕੇ ਆਈਂ ਨਾ।

ਜੋ ਕੀਤਾ ਤੂੰ ਚੰਗਾ ਕੀਤਾ, ਹੋਇਆ ਜੋ ਸੋ ਚੰਗਾ ਹੋਇਆ,
ਮੈਂ ਤਾਂ ਦਿਲ ਸਮਝਾ ਬੈਠਾ ਹਾਂ, ਹੁਣ ਤੂੰ ਵੀ ਪਛਤਾਈਂ ਨਾ।

ਮੈਨੂੰ ਵੀ ਨਾ ਸ਼ੋਭਾ ਦੇਵੇ, ਤੂੰ ਵੀ ਰਹਿ ਮਰਯਾਦਾ ਵਿਚ,
ਫ਼ਾਸਲਿਆਂ ਨੂੰ ਰਹਿਣ ਦੇ ਇੰਝ ਹੀ, ਨੇੜੇ ਕਦਮ ਵਧਾਈਂ ਨਾ।

•♣•

## ਗ਼ਜ਼ਲ

ਚਿੱਟੀ ਦੁੱਧ ਚਾਨਣੀ ਰਾਤ, ਸਮਰਪਿਤ ਤੈਨੂੰ।
ਕਾਲੇ ਅੱਖਰ ਚਿੱਟੀ ਬਾਤ, ਸਮਰਪਿਤ ਤੈਨੂੰ।

ਨੈਣਾਂ ਦੀਆਂ ਨੀਝਾਂ ’ਤੇ ਜੋ ਝਿਲਮਿਲ-ਝਿਲਮਿਲ,
ਕਤਰਾ-ਕਤਰਾ ਹੋਏ ਜਜ਼ਬਾਤ, ਸਮਰਪਿਤ ਤੈਨੂੰ।

ਤਾਰਿਆਂ ਨਾਲ ਭਰੇ ਅੰਬਰ ’ਚੋਂ ਕਿੰਨੀ ਸੁੰਦਰ,
ਕਿਣਮਿਣ-ਕਿਣਮਿਣ ਉਲਕਾਪਾਤ, ਸਮਰਪਿਤ ਤੈਨੂੰ।

ਮੋਹ ਤੇਰੇ ਨੇ ਦਿਲ ਦੇ ਗੁਲਸ਼ਨ ਵਿਚ ਜੋ ਕੀਤੀ,
ਸੂਹੇ ਰੰਗਾਂ ਦਾ ਬਰਸਾਤ, ਸਮਰਪਿਤ ਤੈਨੂੰ।

ਸਾਹਾਂ ਦੇ ਸਾਗਰ-ਮੰਥਨ ’ਚੋਂ ਜੋ ਕੁਝ ਹਾਸਿਲ,
ਛੋਟੀ ਵੱਡੀ ਹਰ ਸੌਗਾਤ, ਸਮਰਪਿਤ ਤੈਨੂੰ।

•♣•

## ਗ਼ਜ਼ਲ

ਜਦ ਵੀ ਸੋਚਾਂ ਦੇ ਅੰਬਰ ’ਤੇ ਦਿਲ-ਬੱਦਲ ਬਣ ਕੇ ਛਾਵਾਂਗਾ।
ਨੀਲੇ ਕੱਚ ਸਮੁੰਦਰ ਦੀਆਂ ਨੀਝਾਂ ਤੋਂ ਡੁੱਲ ਜਾਵਾਂਗਾ।

ਤੇਜ ਹਵਾ ਲੈ ਗਈ ਉਡਾ ਕੇ ਕਿਧਰੇ ਦੂਰ ਪਹਾੜੀਂ ਜੇ,
ਪੱਥਰਾਂ ਦੇ ਨਾਲ ਖਹਿ ਕੇ ਤੇਰੇ ਸ਼ਹਿਰ ਪਰਤ ਕੇ ਆਵਾਂਗਾ।

ਤੇਰੀ ਸ਼ਿੱਦਤ, ਮੇਰੀ ਭਟਕਣ ਜੇ ਧਰਤੀ ਅਸਮਾਨ ਜਿਹੀ,
ਸੀਪ ਦੇ ਮੂੰਹ ਵਿਚ ਪੈ ਕੇ ਅੜੀਏ, ਮੈਂ ਮੋਤੀ ਬਣ ਜਾਵਾਂਗਾ।

ਜਦ ਵੀ ਤੇਰੀ ਸਰਦਲ ਉੱਤੇ ਤਿਤਲੀ ਕੋਈ ਆਵੇਗੀ,
ਤੇਰੇ ਸੁਰਖ ਲਬਾਂ ਦੇ ਉੱਤੇ, ਫੱਲ ਬਣ ਕੇ ਖਿੜ ਜਾਵਾਂਗਾ।

ਕੈਦ ਕਰੇਂਗੀ ਜਦ ਅੱਖਾਂ ’ਚ ਨ੍ਹੇਰੀਆਂ ਕਾਲੀਆਂ ਰਾਤਾਂ,
ਚੜ੍ਹਦਾ ਸੂਰਜ ਬਣ ਕੇ ਤੇਰੇ ਮੱਥੇ ਛੂਹਣ ਪਾਵਾਂਗਾ।

ਜਿਸਮਾਂ ਦੀ ਮਰਿਯਾਦਾ ਵਿਚ ਨਾ ਉਲਫ਼ਤ ਅਪਣੀ ਕੈਦ ਕਰੀਂ,
ਹਰ ਫੁੱਲ ਦੀ ਖੁਸ਼ਬੋਈ ਦੇ ਵਿਚ ਮੈਂ ਤੈਨੂੰ ਮਿਲ ਜਾਵਾਂਗਾ।

ਸ਼ਾਇਰ



ਵਿਕਾਸ ਸ਼ਰਮਾ ਗੁਰਦਾਸਪੁਰੀ

ਚਿੱਟੀ ਦੁੱਧ ਚਾਨਣੀ ਰਾਤ, ਸਮਰਪਿਤ ਤੈਨੂੰ ।
ਕਾਲੇ ਅੱਖਰ ਚਿੱਟੀ ਬਾਤ, ਸਮਰਪਿਤ ਤੈਨੂੰ ।